**SWITCH INSURANCE**

**AUTO, HOME & COMMERCIAL**

- Commercial Vehicle Insurance
- Commercial Property Insurance
- Commercial General Liability (CGL)
- Rental Property

**905-965-7474**

www.SwitchInsurance.ca

7900 Hurontario St Suite 308, Brampton, ON L6Y 0P6



ਕੈਨੇਡੀਅਨ

# ਪੰਜਾਬੀ ਪੋਸਟ

*Award winning news paper* | Canadian Punjabi Post



**JOSHI LAW OFFICE**

Barrister, Solicitor & Notary Public

- Immigration
- Real Estate
- Commercial Law
- Affidavit
- Power of Attorney

Rakesh M. Joshi
B.A., LL.B

info@joshilawoffice.com | joshilawoffice.com

**416-213-8600**

6921 Steels Ave. W. Unit 11, Etobicoke, ON



To view our online newspaper visit **punjabipost.ca/epaper** | **Vol 24* Issue 85** | **Wednesday, 4 June 2025** | **Tel: 905-793-2202 | Fax: 905-793-2282 | news@punjabipost.ca** | ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ


# ਪ੍ਰੀਮੀਅਰਜ਼ ਨੇ ਰਾਸ਼ਟਰ ਨਿਰਮਾਣ ਦੇ ਪ੍ਰਾਜੈਕਟਾਂ 'ਤੇ ਪ੍ਰਧਾਨ ਮੰਤਰੀ ਕਾਰਨੀ ਨਾਲ ਕੀਤੀ ਚਰਚਾ

## ਅਮਰੀਕੀ ਟੈਰਿਫਾਂ ਖਿਲਾਫ਼ ਪੂਰਾ ਦੇਸ਼ ਇੱਕਜੁੱਟ : ਫੋਰਡ



ਸਸਕਾਟੂਨ, 3 ਜੂਨ (ਪੋਸਟ ਬਿਊਰੋ): ਓਂਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਕਿ ਸੋਮਵਾਰ ਨੂੰ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਰਾਸ਼ਟਰ-ਨਿਰਮਾਣ ਪ੍ਰੋਜੈਕਟਾਂ 'ਤੇ ਗੱਲ ਕਰਨ ਲਈ ਦੇਸ਼ ਦੇ ਪ੍ਰੀਮੀਅਰਾਂ ਦਾ ਇਕੱਠੇ ਹੋਣਾ ਦਹਾਕੇ ਦਾ ਸਭ ਤੋਂ ਵਧੀਆ ਈਵੈਂਟ ਸੀ। ਫੋਰਡ ਨੇ ਕਿਹਾ ਕਿ ਪ੍ਰੀਮੀਅਰ ਅਤੇ ਉਨ੍ਹਾਂ ਦੇ ਨਾਲ ਪੂਰਾ ਦੇਸ਼ ਇੱਕਜੁੱਟ ਹੈ ਕਿਉਂਕਿ ਕੈਨੇਡਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਿਫਾਂ ਦੇ ਹਮਲੇ ਹੇਠ ਆ ਰਿਹਾ ਹੈ। ਸੂਬਾਈ ਅਤੇ ਖੇਤਰੀ ਨੇਤਾ ਸੋਮਵਾਰ ਨੂੰ ਸਸਕਾਟੂਨ ਵਿੱਚ ਕਾਰਨੀ ਨਾਲ ਬੈਠੇ ਅਤੇ ਹਰੇਕ ਪ੍ਰੀਮੀਅਰ ਵੱਡੇ ਪ੍ਰਾਜੈਕਟਾਂ ਦੀਆਂ ਇੱਛਾ ਸੂਚੀਆਂ ਨਾਲ ਆਏ, ਜਿਨ੍ਹਾਂ ਨੂੰ ਉਹ ਉਮੀਦ ਕਰਦੇ ਹਨ ਕਿ ਫੈਡਰਲ ਸਰਕਾਰ ਰਾਸ਼ਟਰੀ ਹਿੱਤ ਵਿੱਚ ਸਮਝੇਗੀ, ਫਿਰ ਪ੍ਰਵਾਨਗੀ ਲਈ ਤੇਜ਼ ਟ੍ਰੈਕ ਫੜ੍ਹੇਗੀ।

ਇਸ ਦੌਰਾਨ ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ ਕਿ ਮੁੱਦਾ ਇਹ ਹੈ ਕਿ ਬਿਲਡਰਾਂ ਨੂੰ ਭਾਰੀ ਨਿਵੇਸ਼ ਨੂੰ ਪ੍ਰੇਰਿਤ ਕਰਨ ਲਈ ਨਿਸ਼ਚਤਤਾ ਤੇ ਸਥਿਰਤਾ ਬਣਾਈ ਜਾਵੇ। ਕੈਨੇਡਾ ਨੂੰ ਇੱਕ ਊਰਜਾ ਮਹਾਂਸ਼ਕਤੀ ਬਣਾਉਣ ਲਈ ਨਿਵੇਸ਼ ਦੀ ਲੋੜ ਹੈ। ਮੀਟਿੰਗ 'ਚ ਸਮੂਹ ਨੇ ਨਿੱਜੀ ਤੌਰ 'ਤੇ ਕਈ ਸੰਭਾਵੀ ਰਾਸ਼ਟਰ-ਨਿਰਮਾਣ ਕੁਦਰਤੀ ਸਰੋਤ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਵਿਚਾਰ ਕੀਤਾ।

ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਕਿ ਇਸ ਨੂੰ ਮਾੜੇ ਸੰਕੇਤ ਵਜੋਂ ਲੈਣ ਦਾ ਕੋਈ ਕਾਰਨ ਨਹੀਂ ਹੈ। ਮੀਟਿੰਗ ਵਿੱਚ ਵੱਡੇ ਪ੍ਰਾਜੈਕਟ ਲਾਗੂ ਹੋਣ ਸਬੰਧੀ ਕੋਈ ਸੰਕੇਤ ਨਹੀਂ ਮਿਲਿਆ। ਉਨ੍ਹਾਂ ਨੂੰ ਕੋਈ ਉਮੀਦ ਨਹੀਂ ਸੀ ਕਿ ਪ੍ਰਧਾਨ ਮੰਤਰੀ ਇਸ ਮੀਟਿੰਗ ਵਿੱਚ ਖਾਸ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣਗੇ। ਫੈਡਰਲ ਲਿਬਰਲਾਂ ਨੇ ਅਜੇ ਤੱਕ ਸੰਸਦ ਵਿੱਚ ਚੋਣਵੇਂ ਪ੍ਰਾਜੈਕਟਾਂ ਲਈ ਪ੍ਰਵਾਨਗੀਆਂ ਨੂੰ ਵੱਧ ਤੋਂ ਵੱਧ ਦੋ ਸਾਲਾਂ ਤੱਕ ਤੇਜ਼ ਕਰਨ ਲਈ ਆਪਣੇ ਕਾਨੂੰਨ ਦਾ ਖੁਲਾਸਾ ਨਹੀਂ ਕੀਤਾ ਹੈ। ਇਹ ਇਸ ਹਫ਼ਤੇ ਦੇ ਸ਼ੁਰੂ ਵਿੱਚ ਪੇਸ਼ ਕੀਤਾ ਜਾ ਸਕਦਾ ਹੈ।

ਕਾਰਨੀ ਨੇ ਕਿਹਾ ਕਿ ਸਮੂਹ ਗਰਮੀਆਂ ਦੇ ਮਹੀਨਿਆਂ ਵਿੱਚ ਉਨ੍ਹਾਂ ਪ੍ਰਾਜੈਕਟਾਂ ਨੂੰ ਸੁਧਾਰੇਗਾ ਜਿਨ੍ਹਾਂ ਨੂੰ ਤਰਜੀਹੀ ਪ੍ਰੋਜੈਕਟਾਂ ਵਜੋਂ ਗਿਣਿਆ ਜਾਣਾ ਚਾਹੀਦਾ ਹੈ ਅਤੇ ਕਿਹਾ ਕਿ ਜਿਵੇਂ ਕਿ ਨਿੱਜੀ ਸਮਰਥਕ ਇੱਥੇ ਮੌਕੇ ਤੋਂ ਜਾਣੂ ਹੋ ਜਾਂਦੇ ਹਨ, ਅਸੀਂ ਹੋਰ ਪ੍ਰੋਜੈਕਟਾਂ ਨੂੰ ਅੱਗੇ ਆਉਂਦੇ ਦੇਖਾਂਗੇ। ਉਨ੍ਹਾਂ ਕਿਹਾ ਕਿ ਆਉਣ ਵਾਲਾ ਫੈਡਰਲ ਕਾਨੂੰਨ ਆਦਿਵਾਸੀ ਲੋਕਾਂ ਨਾਲ ਅਰਥਪੂਰਨ ਸਲਾਹ-ਮਸ਼ਵਰਾ ਵੀ ਲਾਜ਼ਮੀ ਕਰੇਗਾ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕਿਹੜੇ ਪ੍ਰੋਜੈਕਟ ਚੁਣੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਕਿਵੇਂ ਵਿਕਸਤ ਕੀਤਾ ਜਾਂਦਾ ਹੈ।

...ਬਾਕੀ ਪੰਨਾ 2 'ਤੇ

## ਮਿਸੀਸਾਗਾ ਦੇ ਮੈਟ੍ਰੋਲਿੰਕਸ ਰੇਲ ਯਾਰਡ ਵਿੱਚ ਹਾਦਸੇ ਤੋਂ ਬਾਅਦ 1 ਦੀ ਮੌਤ



ਮਿਸੀਸਾਗਾ, 3 ਜੂਨ (ਪੋਸਟ ਬਿਊਰੋ) : ਮਿਸੀਸਾਗਾ ਦੇ ਮੈਟ੍ਰੋਲਿੰਕਸ ਰੇਲ ਸਾਂਭ-ਸੰਭਾਲ ਯਾਰਡ ਵਿੱਚ ਇੱਕ ਕੰਮ ਵਾਲੀ ਥਾਂ 'ਤੇ ਸੋਮਵਾਰ ਨੂੰ ਵਾਪਰੀ ਘਟਨਾ 'ਚ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। ਸੂਬਾਈ ਆਵਾਜਾਈ ਏਜੰਸੀ ਨੇ ਕਿਹਾ ਕਿ ਹਾਦਸਾ 6211 ਗੋਰਵੇਅ ਡਾ. ਵਿਖੇ, ਜ਼ਹਾਵੀ ਵੇਅ ਦੇ ਨੇੜੇ, ਹਾਈਵੇਅ 427 ਦੇ ਪੱਛਮ ਵਿੱਚ ਵਾਪਰਿਆ। ਪੈਰਾਮੈਡਿਕਸ ਨੇ ਕਿਹਾ ਕਿ ਉਨ੍ਹਾਂ ਨੂੰ ਰੇਲ ਯਾਰਡ 'ਚ ਹੋਏ ਹਾਦਸੇ ਦੀ ਸੂਚਨਾ ਮਿਲੀ ਸੀ। ਕਿਰਤ, ਇਮੀਗ੍ਰੇਸ਼ਨ, ਸਿਖਲਾਈ ਅਤੇ ਹੁਨਰ ਵਿਕਾਸ ਮੰਤਰਾਲੇ ਨੇ ਕਿਹਾ ਕਿ ਉਨ੍ਹਾਂ ਨੂੰ ਘਟਨਾ ਬਾਰੇ ਸੂਚਿਤ ਕੀਤਾ ਗਿਆ ਹੈ ਅਤੇ ਜਾਂਚ ਲਈ ਇੱਕ ਇੰਸਪੈਕਟਰ ਨੂੰ ਨਿਯੁਕਤ ਕੀਤਾ ਹੈ।

## ਰਾਇਲ ਚੈਲੇਂਜਰਜ਼ ਬੰਗਲੂਰੂ ਨੇ ਪੰਜਾਬ ਕਿੰਗਜ਼ ਨੂੰ ਹਰਾਕੇ ਪਹਿਲਾ ਆਈਪੀਐੱਲ ਖਿਤਾਬ ਜਿੱਤਿਆ



ਅਹਿਮਦਾਬਾਦ, 3 ਜੂਨ (ਪੋਸਟ ਬਿਊਰੋ): ਰਾਇਲ ਚੈਲੇਂਜਰਜ਼ ਬੰਗਲੂਰੂ ਨੇ ਪੰਜਾਬ ਕਿੰਗਜ਼ ਨੂੰ ਹਰਾਕੇ ਆਪਣਾ ਪਹਿਲਾ ਆਈਪੀਐੱਲ ਖਿਤਾਬ ਜਿੱਤ ਲਿਆ ਹੈ। ਰਾਇਲ ਚੈਲੇਂਜਰਜ਼ ਬੰਗਲੂਰੂ ਦੀ ਟੀਮ ਇੰਡੀਅਨ ਪ੍ਰੀਮੀਅਰ ਲੀਗ ਦੇ ਫਾਈਨਲ ਵਿਚ ਪੰਜਾਬ ਕਿੰਗਜ਼ ਨੂੰ 6 ਦੌੜਾਂ ਨਾਲ ਹਰਾ ਕੇ ਚੈਂਪੀਅਨ ਬਣ ਗਈ ਹੈ। ਵਿਰਾਟ ਕੋਹਲੀ ਤੇ ਦੀ ਟੀਮ ਨੇ 18 ਸਾਲਾਂ ਵਿਚ ਪਹਿਲੀ ਵਾਰ ਆਈਪੀਐੱਲ ਵਿਚ ਖਿਤਾਬੀ ਜਿੱਤ ਦਰਜ ਕੀਤੀ ਹੈ। ਪੰਜਾਬ ਦੀ ਟੀਮ ਬੰਗਲੂਰੂ ਵੱਲੋਂ ਜਿੱਤ ਲਈ ਮਿਲੇ 191 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਨਿਰਧਾਰਿਤ 20 ਓਵਰਾਂ ਵਿਚ 7 ਵਿਕਟਾਂ ਦੇ ਨੁਕਸਾਨ ਨਾਲ 184 ਦੌੜਾਂ ਹੀ ਬਣਾ ਸਕੀ।

ਪੰਜਾਬ ਲਈ ਸ਼ਸ਼ਾਂਕ ਸਿੰਘ ਨੇ 30 ਗੇਂਦਾਂ ਵਿਚ 61 ਦੌੜਾਂ ਦੀ ਨਾਬਾਦ ਪਾਰੀ ਖੇਡੀ, ਜਿਸ ਵਿਚ 3 ਚੌਕੇ ਤੇ 6 ਛੱਕੇ ਵੀ ਸ਼ਾਮਿਲ ਹਨ। ਹੋਰਨਾਂ ਬੱਲੇਬਾਜ਼ਾਂ ਵਿਚ ਜੋਸ਼ ਇਗਲਿਸ਼ ਨੇ 23 ਗੇਂਦਾਂ 'ਤੇ 39 ਦੌੜਾਂ ਬਣਾਈਆਂ। ਕਪਤਾਨ ਅਈਅਰ ਜੋ ਦੂਜੇ ਕੁਆਲੀਫਾਇਰ ਵਿਚ ਟੀਮ ਦੀ ਜਿੱਤ ਦੇ ਹੀਰੋ ਸਨ, 1 ਦੌੜ ਬਣਾ ਕੇ ਆਊਟ ਹੋ ਗਿਆ। ਪੀ.ਆਰੀਆ ਨੇ 24 ਤੇ ਪ੍ਰਭਸਿਮਰਨ ਸਿੰਘ ਨੇ 26 ਦੌੜਾਂ ਦਾ ਯੋਗਦਾਨ ਪਾਇਆ। ਰਾਇਲ ਚੈਲੇਂਜਰਜ਼ ਬੰਗਲੂਰੂ ਲਈ ਭੁਵਨੇਸ਼ਵਰ ਕੁਮਾਰ ਤੇ ਕਰੁਨਾਲ ਪੰਡਿਆ ਨੇ ਦੋ ਦੋ ਅਤੇ ਵਾਈ. ਦਿਆਲ, ਜੋਸ਼ ਹੇਜ਼ਲਵੁੱਡ ਤੇ ਆਰ.ਸ਼ੈਪਰਡ ਨੇ ਇਕ ਇਕ ਵਿਕਟ ਲਈ।

ਇਸ ਤੋਂ ਪਹਿਲਾਂ ਰਾਇਲ ਚੈਲੇਂਜਰਜ਼ ਬੰਗਲੂਰੂ ਦੀ ਟੀਮ ਨੇ ਪੰਜਾਬ ਵੱਲੋਂ ਪਹਿਲਾਂ ਬੱਲੇਬਾਜ਼ੀ ਕਰਨ ਦੇ ਮਿਲੇ ਸੱਦੇ 'ਤੇ ਨਿਰਧਾਰਿਤ 20 ਓਵਰਾਂ ਵਿਚ 9 ਵਿਕਟਾਂ ਦੇ ਨੁਕਸਾਨ ਨਾਲ 190 ਦੌੜਾਂ ਬਣਾਈਆਂ।

ਬੰਗਲੂਰੂ ਦੀ ਟੀਮ ਲਈ ਵਿਰਾਟ ਕੋਹਲੀ ਨੇ 43, ਕਪਤਾਨ ਰਜਤ ਪਾਟੀਦਾਰ ਨੇ 26, ਲਿਆਮ ਲਿਵਿੰਗਸਟੋਨ 25, ਮਯੰਕ ਅਗਰਵਾਲ ਤੇ ਜਿਤੇਸ਼ ਸ਼ਰਮਾ ਨੇ 24-24 ਦੌੜਾਂ ਦਾ ਯੋਗਦਾਨ ਪਾਇਆ।

ਪੰਜਾਬ ਲਈ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੇ ਆਖਰੀ ਓਵਰ ਵਿਚ ਤਿੰਨ ਵਿਕਟਾਂ ਲਈਆਂ। ਹੋਰਨਾਂ ਗੇਂਦਬਾਜ਼ਾਂ ਵਿਚ ਕਾਇਲੀ ਜੈਮੀਸਨ ਨੇ 48 ਦੌੜਾਂ ਬਦਲੇ ਤਿੰਨ ਵਿਕਟ ਲਏ ਜਦੋਂਕਿ ਇੱਕ ਇੱਕ ਵਿਕਟ ਅਜ਼ਮਤਉੱਲਾ ਓਮਰਜ਼ਈ, ਯੁਜ਼ਵੇਂਦਰ ਚਹਿਲ ਤੇ ਵਾਇਸ਼ੈਕ ਵਿਜੈ ਕੁਮਾਰ ਨੇ ਲਈ।


**ਨਵਾਂ ਘਾਹ ਲਵਾਉ** | **647-784-1213**

www.aaalandscaping.ca



ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ | ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ | ਨਵਾਂ ਘਾਹ ਲਵਾਉ | ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

**Law Office of Aman Sharma**

- Real Estate - Commercial Lease
- Business Purchase & Sale
- Notarizations & Affidavits
- Wills & Power Of Attorney

Fax: 905-913-2344 **Tel: 905-913-2355**

25 Cherrycrest Drive, Unit # 6
Brampton, ON, L6P 3W4

Aman Sharma
Open Saturday

*Providing excellent quality legal services to our clients*

**Royal Pest Control**

Residential Commercial Industrial

**Specialist in Bedbugs Service**

**All Pest Control :**

•Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons

**Call : PARESH PATEL**

**416 938 4598**

exp REALTY BROKERAGE

~~$1,249,900~~

**FOR $1,199,000**

ARZADON REALTY

**BERNARD ARZADON**
REALTOR®
Cell: 647-929-4279
Bernard@ArzadonRealty.com

# HOUSE FOR SALE IN WELLAND

**211 Merritt St Welland, ON L3C 4T8**
Dir/Cross St: Fitch and First Ave

**5 Bed | 3.5 Bath | Detached 2 Car Garage**

**A stately 5-bedroom, 3.5-bathroom** All-brick residence in one of Welland's most prestigious neighborhoods.

**Spanning 4,300+ sq. ft. of living space,** this home boasts hand-scraped hickory hardwood floors & elegant crown molding. The professionally designed chefs kitchen is a dream, featuring Alaska White granite countertops, custom Imprezza cabnetry, a Bluestar 6-burner commercial gas range, Kohler farmhouse sink, Jenn-Air wine fridge, and an over-stove pot filler. Completes with fireplaces and oversized windows that invite abundant natural light. **Upstairs, 5 generously sized bedrooms.**

The **fully finished walk-up basement** offers versatile space for an entertainment room & more. The **walk-up basement** provides expanded opportunities of a private suite, or a multi-generational living. Step outside into a lush backyard retreat, beautifully landscaped with perennial gardens and a stunning Magnolia tree, creating a serene setting for outdoor relaxation. A **17' x 35' aggregate patio,** a circular paved stone courtyard with a centerpiece fountain, and **a Detached 2-car garage** complete this breathtaking outdoor space. **Book your private showing today!**



## ਪ੍ਰੀਮੀਅਰਜ਼ ਨੇ ਰਾਸ਼ਟਰ ਨਿਰਮਾਣ ਦੇ ਪ੍ਰਾਜੈਕਟਾਂ 'ਤੇ ਪ੍ਰਧਾਨ ਮੰਤਰੀ ਕਾਰਨੀ ਨਾਲ ਕੀਤੀ ਚਰਚਾ

ਪੰਨਾ 1 ਦਾ ਬਾਕੀ

ਅਲਬਰਟਾ ਦੇ ਪ੍ਰੀਮੀਅਰ ਡੈਨੀਅਲ ਸਮਿਥ ਨੇ ਮੀਟਿੰਗ ਵਿੱਚ ਚੇਤਾਵਨੀ ਦਿੱਤੀ ਕਿ ਕੋਈ ਵੀ ਸੂਚੀ ਜਿਸ ਵਿੱਚ ਨਵੀਆਂ ਪਾਈਪਲਾਈਨਾਂ ਸ਼ਾਮਲ ਨਹੀਂ ਹਨ, ਉਸਦੇ ਸੂਬੇ ਨੂੰ ਇੱਕ ਬੁਰਾ ਸੁਨੇਹਾ ਭੇਜੇਗੀ। ਉਹ ਮੀਟਿੰਗ ਨੂੰ ਹਾਂ-ਪੱਖੀ ਢੰਗ ਨਾਲ ਛੱਡ ਕੇ ਗਏ, ਇਹ ਕਹਿੰਦਿਆਂ ਕਿ ਇਹ ਰਾਜਨੀਤਿਕ ਨੇਤਾਵਾਂ 'ਤੇ ਨਿਰਭਰ ਕਰਦਾ ਹੈ ਕਿ ਉਹ ਇੱਕ ਨਵੀਂ ਪਾਈਪਲਾਈਨ ਲਈ ਇੱਕ ਪ੍ਰਸਤਾਵਕ ਲੱਭਣ ਅਤੇ ਉਹ ਇਸ ਪ੍ਰਕਿਰਿਆ ਨੂੰ ਇੱਕ ਮੌਕਾ ਦੇਣ ਲਈ ਤਿਆਰ ਹਨ। ਸਮਿਥ ਨੇ ਪਾਥਵੇਅਜ਼ ਅਲਾਇੰਸ ਪ੍ਰੋਜੈਕਟ ਦਾ ਜ਼ਿਕਰ ਕੀਤਾ, ਜੋ ਕਿ ਪ੍ਰਮੁੱਖ ਕੈਨੇਡੀਅਨ ਤੇਲ ਕੰਪਨੀਆਂ ਦਾ ਇੱਕ ਸਮੂਹ ਹੈ, ਜੋ ਦਲੀਲ ਦਿੰਦਾ ਹੈ ਕਿ ਇਹ ਅਜਿਹਾ ਕਰਨ ਦੇ ਤਰੀਕੇ ਵਜੋਂ ਕਾਰਬਨ ਕੈਪਚਰ ਅਤੇ ਨਿਕਾਸ ਨੂੰ ਘਟਾਉਣ ਲਈ ਸਟੋਰੇਜ ਦੀ ਵਰਤੋਂ ਕਰਕੇ ਜਲਵਾਯੂ ਤਬਦੀਲੀ ਨਾਲ ਲੜ ਸਕਦਾ ਹੈ।

## ਕੇਦਾਰਨਾਥ ਧਾਮ 'ਚ ਸੀਜ਼ਨ ਦੀ ਹੋਈ ਪਹਿਲੀ ਬਰਫ਼ਬਾਰੀ



ਨਵੀਂ ਦਿੱਲੀ, 3 ਜੂਨ (ਪੋਸਟ ਬਿਊਰੋ): ਕੇਦਾਰਨਾਥ ਧਾਮ ਵਿੱਚ ਸੀਜ਼ਨ ਦੀ ਪਹਿਲੀ ਬਰਫ਼ਬਾਰੀ ਹੋਈ। ਮੰਦਰ ਕੰਪਲੈਕਸ ਅਤੇ ਆਲੇ-ਦੁਆਲੇ ਦੀਆਂ ਪਹਾੜੀਆਂ ਦੇ ਸ਼ਾਨਦਾਰ ਦ੍ਰਿਸ਼ ਨੂੰ ਦੇਖ ਕੇ ਸ਼ਰਧਾਲੂ ਬਹੁਤ ਖੁਸ਼ ਹੋ ਗਏ। ਜਿਵੇਂ ਹੀ ਬਰਫ਼ਬਾਰੀ ਹੋਈ, ਸ਼ਰਧਾਲੂਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।

ਕੱਟੜ ਠੰਢ ਦੇ ਬਾਵਜੂਦ, ਵੱਡੀ ਗਿਣਤੀ ਵਿੱਚ ਸ਼ਰਧਾਲੂ ਭਗਵਾਨ ਸ਼ਿਵ ਦੇ ਦਰਸ਼ਨ ਕਰਨ ਲਈ ਧਾਮ ਪਹੁੰਚੇ ਹਨ। ਧਾਮ ਵਿੱਚ 'ਹਰ-ਹਰ ਮਹਾਦੇਵ' ਦੇ ਜੈਕਾਰੇ ਸੁਣਾਈ ਦੇ ਰਹੇ ਹਨ। ਸ਼ਰਧਾਲੂਆਂ ਨੇ ਬਰਫ਼ਬਾਰੀ ਦਾ ਆਨੰਦ ਮਾਣਦੇ ਹੋਏ ਵੀਡੀਓ ਅਤੇ ਫੋਟੋਆਂ ਵੀ ਖਿੱਚੀਆਂ।

ਇਸ ਦੇ ਨਾਲ ਹੀ ਚਮੋਲੀ ਜ਼ਿਲ੍ਹੇ ਦੇ ਉੱਚੇ ਇਲਾਕਿਆਂ ਵਿੱਚ ਸੋਮਵਾਰ ਤੋਂ ਮੌਸਮ ਖਰਾਬ ਹੈ। ਹੇਮਕੁੰਟ ਸਾਹਿਬ ਵਿੱਚ ਲਗਾਤਾਰ ਦੂਜੇ ਦਿਨ ਬਰਫ਼ਬਾਰੀ ਹੋਈ। ਹੇਮਕੁੰਟ ਸਾਹਿਬ ਯਾਤਰਾ ਸ਼ੁਰੂ ਹੋਣ ਤੋਂ ਬਾਅਦ ਤੀਜੀ ਵਾਰ ਬਰਫ਼ਬਾਰੀ ਹੋਈ। ਹਾਲਾਂਕਿ ਐਤਵਾਰ ਦੇ ਮੁਕਾਬਲੇ ਸੋਮਵਾਰ ਨੂੰ ਬਰਫ਼ਬਾਰੀ ਘੱਟ ਹੋਈ ਹੈ, ਪਰ ਪਿਛਲੇ ਕੁਝ ਦਿਨਾਂ ਤੋਂ ਦੁਪਹਿਰ ਤੋਂ ਬਾਅਦ ਇੱਥੇ ਮੌਸਮ ਬਦਲ ਰਿਹਾ ਹੈ ਅਤੇ ਬਰਫ਼ਬਾਰੀ ਹੋ ਰਹੀ ਹੈ। ਇਸ ਨਾਲ ਪੂਰੇ ਇਲਾਕੇ ਵਿੱਚ ਭਾਰੀ ਠੰਢ ਪੈ ਰਹੀ ਹੈ। ਸੋਮਵਾਰ ਨੂੰ ਦੁਪਹਿਰ ਤੋਂ ਬਾਅਦ ਇੱਥੇ ਮੌਸਮ ਬਦਲ ਗਿਆ ਅਤੇ ਬਰਫ਼ਬਾਰੀ ਦੁਬਾਰਾ ਸ਼ੁਰੂ ਹੋ ਗਈ। ਹਾਲਾਂਕਿ, ਸ਼ਾਮ ਤੱਕ ਮੌਸਮ ਵੀ ਸਾਫ਼ ਹੋ ਗਿਆ।

# ਟੋਰਾਂਟੋ ਵਿੱਚ ਮਿੱਟੀ ਦੀ ਢਿੱਗ ਡਿੱਗਣ ਨਾਲ 2 ਉਸਾਰੀ ਕਾਮੇ ਗਭੀਰ ਜ਼ਖ਼ਮੀ

ਟੋਰਾਂਟੋ, 3 ਜੂਨ (ਪੋਸਟ ਬਿਊਰੋ): ਟੋਰਾਂਟੋ ਵਿਚ ਸਵੇਰੇ ਇੱਕ ਮਿੱਟੀ ਦੀ ਢਿੱਗ ਡਿੱਗਣ ਨਾਲ ਥੱਲੇ ਦਬ ਕੇ ਦੋ ਮਜ਼ਦੂਰ ਜ਼ਖ਼ਮੀ ਹੋ ਗਏ। ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਇਹ ਹਾਦਸਾ ਸ਼ਹਿਰ ਦੇ ਵੈਸਟਨ ਇਲਾਕੇ ਵਿੱਚ ਐਡਮੰਡ ਐਵੇਨਿਊ ਅਤੇ ਵੈਸਟਨ ਰੋਡ ਦੇ ਖੇਤਰ ਵਿੱਚ ਸਵੇਰੇ ਕਰੀਬ 11:45 ਵਜੇ ਵਾਪਰਿਆ। ਟੋਰਾਂਟੋ ਫਾਇਰ ਨੇ ਦੱਸਿਆ ਕਿ ਦੋ ਕਾਮੇ ਇੱਕ ਉਸਾਰੀ ਵਾਲੀ ਥਾਂ 'ਤੇ ਇੱਕ ਖੱਡੇ ਵਿੱਚ ਉਨ੍ਹਾਂ ਦੀ ਕਮਰ ਤੱਕ ਦੱਬੇ ਹੋਏ ਸਨ। ਬਚਾਅ ਦੇ ਯਤਨਾਂ ਤਹਿਤ ਮਜ਼ਦੂਰਾਂ ਦੇ ਆਲੇ-ਦੁਆਲੇ ਪੂਰਕ ਪੈਨਲ ਲਗਾਏ ਜਾਣ ਨਾਲ ਸ਼ੁਰੂ ਹੋਏ। ਅੱਗ ਬੁਝਾਊ ਅਧਿਕਾਰੀਆਂ ਅਨੁਸਾਰ, ਹਾਦਸੇ ਤੋਂ ਬਾਅਦ ਕਰਮਚਾਰੀ ਹੋਸ਼ ਵਿੱਚ ਸਨ ਅਤੇ ਸਾਹ ਲੈ ਰਹੇ ਸਨ ਅਤੇ ਅਮਲੇ ਨੇ



ਦੁਪਹਿਰ 1:30 ਵਜੇ ਦੇ ਕਰੀਬ ਦੋਨਾਂ ਵਿਅਕਤੀਆਂ ਨੂੰ ਸਫ਼ਲਤਾਪੂਰਵਕ ਬਾਹਰ ਕੱਢਿਆ। ਮਗਰੋਂ ਇੱਕ 50 ਸਾਲਾ ਵਿਅਕਾਂਓਜ ਤੇ 20 ਸਾਲਾ ਲੜਕੇ ਨੂੰ ਗੰਭੀਰ ਸੱਟਾਂ ਕਾਰਨ ਟਰਾਮਾ ਸੈਂਟਰ ਲਿਜਾਇਆ ਗਿਆ। ਵੈਸਟਨ ਰੋਡ ਜੇਨ ਸਟਰੀਟ ਅਤੇ ਡੇਨੀਸਨ ਰੋਡ ਈਸਟ ਦੇ ਵਿਚਕਾਰ ਬੰਦ ਹੈ ਜਦੋਂ ਕਿ ਅਮਲੇ ਜਗ੍ਹਾ ਨੂੰ ਸਾਫ਼ ਕਰ ਰਹੇ ਹਨ। ਕਿਰਤ, ਇਮੀਗ੍ਰੇਸ਼ਨ, ਸਿਖਲਾਈ ਅਤੇ ਹੁਨਰ ਵਿਕਾਸ ਦਾ ਇੱਕ ਸੂਬਾਈ ਮੰਤਰਾਲਾ ਇੰਸਪੈਕਟਰ ਜਾਂਚ ਕਰ ਰਿਹਾ ਹੈ।

## ਟੋਰਾਂਟੋ ਯੂਨੀਅਨ ਸਟੇਸ਼ਨ 'ਤੇ ਕਈ ਔਰਤਾਂ 'ਤੇ ਹਮਲੇ ਤੋਂ ਬਾਅਦ 23 ਸਾਲਾ ਵਿਅਕਤੀ ਕਾਬੂ

ਟੋਰਾਂਟੋ, 3 ਜੂਨ (ਪੋਸਟ ਬਿਊਰੋ): ਟੋਰਾਂਟੋ ਦੇ ਯੂਨੀਅਨ ਸਟੇਸ਼ਨ 'ਤੇ ਸੋਮਵਾਰ ਸਵੇਰੇ ਇੱਕ 23 ਸਾਲਾ ਵਿਅਕਤੀ ਨੇ ਬਿਨਾਂ ਕਿਸੇ ਭੜਕਾਹਟ ਦੇ ਕਈ ਔਰਤਾਂ 'ਤੇ ਕਥਿਤ ਤੌਰ 'ਤੇ ਹਮਲਾ ਕੀਤਾ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਵੇਰੇ 8:50 ਵਜੇ ਦੇ ਕਰੀਬ ਇਲਾਕੇ ਵਿੱਚ ਬੁਲਾਇਆ ਗਿਆ ਸੀ। ਅਧਿਕਾਰੀਆਂ ਦਾ ਦੋਸ਼ ਹੈ ਕਿ ਮਿਲਜ਼ਮ ਟਰਮੀਨਲ ਵਿੱਚੋਂ ਲੰਘ ਰਿਹਾ ਸੀ, ਹਮਲਾ ਕਰਨ ਤੋਂ ਪਹਿਲਾਂ ਕਈ ਪੀੜਤਾਂ ਕੋਲ ਪਹੁੰਚ ਰਿਹਾ ਸੀ। ਪੁਲਿਸ ਨੇ ਕਿਹਾ ਕਿ ਔਰਤਾਂ ਨੂੰ ਗੈਰ-ਜਾਨਲੇਵਾ ਸੱਟਾਂ ਲੱਗੀਆਂ, ਪਰ ਇਹ ਨਹੀਂ ਦੱਸਿਆ ਕਿ ਪੀੜਤ ਕਿੰਨੇ ਸਨ। ਅਧਿਕਾਰੀਆਂ ਨੇ ਸ਼ੱਕੀ ਨੂੰ ਲੱਭਿਆ ਅਤੇ ਉਸਨੂੰ ਗ੍ਰਿਫਤਾਰ ਕਰ ਲਿਆ ਪਰ ਉਸਨੇ ਉਦੋਂ ਔਰਤਾਂ ਵਿਰੋਧੀ ਟਿੱਪਣੀਆਂ ਕੀਤੀਆਂ। ਮੁਲਜ਼ਮ ਕੇਵਿਨ ਥਾਮਸ ਡੇਲਗਾਡੋ ਪੀਨਾ, ਜਿਸਦਾ ਕੋਈ ਪੱਕਾ ਪਤਾ ਨਹੀਂ



ਹੈ, 'ਤੇ ਹਮਲੇ ਦੇ 10 ਦੋਸ਼ ਹਨ। ਜਾਂਚਕਰਤਾ ਉਸਦੀ ਫੋਟੋ ਸਾਂਝੀ ਕਰ ਰਹੇ ਹਨ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਹੋਰ ਪੀੜਤ ਹੋ ਸਕਦੇ ਹਨ, ਅਤੇ ਕਹਿੰਦੇ ਹਨ ਕਿ ਉਹ ਜਾਂਚ ਨੂੰ ਸ਼ੱਕੀ ਨਫ਼ਰਤ-ਪ੍ਰੇਰਿਤ ਅਪਰਾਧ ਵਜੋਂ ਦੇਖ ਰਹੇ ਹਨ।

ਪੁਲਿਸ ਕਿਸੇ ਵੀ ਵਿਅਕਤੀ ਨੂੰ ਜਾਣਕਾਰੀ ਦੇਣ ਲਈ 416-808-5200 'ਤੇ ਜਾਂ ਕ੍ਰਾਈਮ ਸਟਾਪਰਜ਼ ਨਾਲ ਗੁਪਤ ਰੂਪ ਵਿੱਚ ਸੰਪਰਕ ਕਰਨ ਦੀ ਅਪੀਲ ਕੀਤੀ ਹੈ।

## ਪਾਕਿਸਤਾਨ ਵਿਚ ਟਿਕ-ਟਾਕ ਸਟਾਰ ਸਨਾ ਯੂਸਫ਼ ਦਾ ਗੋਲੀ ਮਾਰ ਕੇ ਕਤਲ

ਇਸਲਾਮਾਬਾਦ, 3 ਜੂਨ (ਪੋਸਟ ਬਿਊਰੋ): TikTok ਸਟਾਰ ਸਨਾ ਯੂਸਫ਼ (17) ਦੀ ਉਸ ਦੇ ਇਸਲਾਮਾਬਾਦ ਵਾਲੇ ਘਰ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਦਿ ਐਕਸਪ੍ਰੈੱਸ ਟ੍ਰਿਬਿਊਨ ਤੇ ਸਮਾ ਟੀਵੀ ਦੀ ਰਿਪੋਰਟ ਮੁਤਾਬਕ ਇਹ ਘਟਨਾ ਸੁੰਬਲ ਪੁਲਿਸ ਥਾਣੇ ਅਧੀਨ ਆਉਂਦੇ ਖੇਤਰ ਦੀ ਦੱਸੀ ਜਾਂਦੀ ਹੈ। ਦਿ ਐਕਸਪ੍ਰੈੱਸ ਟ੍ਰਿਬਿਊਨ ਮੁਤਾਬਕ ਇਕ ਅਣਪਛਾਤਾ ਹਮਲਾਵਰ ਘਰ ਵਿਚ ਦਾਖ਼ਲ ਹੋਇਆ ਤੇ ਟਿਕਟੌਕ ਸਟਾਰ ਨੂੰ ਗੋਲੀ ਮਾਰਨ ਮਗਰੋਂ ਉਥੋਂ ਰਫੂਚੱਕਰ ਹੋ ਗਿਆ।

ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਦੇ ਚਿਤਰਾਲ ਨਾਲ ਸਬੰਧਤ ਸਨਾ ਆਪਣੇ ਟਿਕ-ਟਾਕ ਵੀਡੀਓਜ਼ ਕਰਕੇ



ਕਾਫ਼ੀ ਮਕਬੂਲ ਹੋਈ ਸੀ। ਇਸ ਦੌਰਾਨ ਸਮਾਂ ਟੀਵੀ ਨੇ ਆਪਣੀ ਰਿਪੋਰਟ ਵਿਚ ਪੁਲਿਸ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ ਅਣਪਛਾਤਾ ਮਸ਼ਕੂਕ ਮਹਿਮਾਨ ਵਜੋਂ ਘਰ ਵਿਚ ਦਾਖ਼ਲ ਹੋਇਆ ਸੀ। ਪੁਲਿਸ ਨੇ ਘਟਨਾ ਤੋਂ ਫੌਰੀ ਮਗਰੋਂ ਮਸ਼ਕੂਕ ਦੀ ਭਾਲ ਲਈ ਤਲਾਸ਼ੀ ਮੁਹਿੰਮ ਵਿੱਢ ਦਿੱਤੀ ਹੈ। ਸਨਾ ਯੂਸਫ਼ ਦੀ ਮ੍ਰਿਤਕ ਦੇਹ ਪੋਸਟ ਮਾਰਟਮ ਲਈ ਪਾਕਿਸਤਾਨ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਵਿਚ ਤਬਦੀਲ ਕਰ ਦਿੱਤੀ ਹੈ। ਕਤਲ ਪਿਛਲੇ ਅਸਲ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ।

ਸਨਾ ਦੇ ਕਤਲ ਮਗਰੋਂ ਸੋਸ਼ਲ ਮੀਡੀਆ 'ਤੇ ਇਸ ਘਟਨਾ ਖਿਲਾਫ਼ ਲੋਕਾਂ ਦਾ ਗੁੱਸਾ ਫੁਟ ਪਿਆ ਹੈ। ਟਿਕਟੌਕ ਸਟਾਰ ਦੇ ਕਈ ਫਾਲੋਅਰਜ਼ ਨੇ ਨਿਆਂ ਦੀ ਮੰਗ ਕੀਤੀ ਹੈ।

## ਦੱਖਣੀ ਓਟਾਵਾ ਵਿੱਚ ਵਿਅਕਤੀ 'ਤੇ ਲੱਗਾ ਔਰਤ ਦੇ ਸੈਕੰਡ ਡਿਗਰੀ ਕਤਲ ਦਾ ਦੋਸ਼

ਓਟਵਾ, 3 ਜੂਨ (ਪੋਸਟ ਬਿਊਰੋ) : ਓਟਵਾ ਪੁਲਸ ਕੋਲ ਇੱਕ ਔਰਤ ਦੇ ਘਰ ਵਿੱਚ ਮ੍ਰਿਤਕ ਪਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੂੰ ਸਵੇਰੇ ਲਗਭਗ 11:30 ਵਜੇ ਕੈਰੋਜ਼ਲ ਕ੍ਰੈਸੈਂਟ 'ਤੇ ਸਥਿਤ ਅਪਾਰਟਮੈਂਟ ਬਿਲਡਿੰਗ ਵਿੱਚ ਬੁਲਾਇਆ ਗਿਆ, ਜਿੱਥੇ ਉਨ੍ਹਾਂ ਨੂੰ 54 ਸਾਲਾ ਟਰੇਸੀ ਡੰਕਨ ਮ੍ਰਿਤਕ ਮਿਲੀ। ਇਸ ਮਾਮਲੇ ਵਿਚ ਓਟਾਵਾ ਦੇ 57 ਸਾਲਾ ਸਟੀਫਨ ਡੋਨੇ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸ 'ਤੇ ਸੈਕੰਡ ਡਿਗਰੀ ਦੇ ਕਤਲ ਦਾ ਦੋਸ਼ ਲੱਗਾ ਹੈ। ਉਸ ਨੂੰ ਮੰਗਲਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਹੈ। ਇਹ ਮੌਤ ਇਸ ਸਾਲ




ਦਾ ਓਟਾਵਾ 'ਚ 13ਵਾਂ ਕਤਲ ਹੈ। ਪੁਲਿਸ ਦਾ ਕਹਿਣਾ ਹੈ ਕਿ ਉਹ ਇਸ ਮਾਮਲੇ ਦੀ ਜਾਂਚ ਨਾਰੀ ਹੱਤਿਆ ਵਜੋਂ ਕਰ ਰਹੇ ਹਨ। ਘਟਨਾ ਦੀ ਜਾਣਕਾਰੀ ਜਾਂ ਫੁਟੇਜ ਵਾਲੇ ਕਿਸੇ ਵੀ ਵਿਅਕਤੀ ਨੂੰ 613-236-1222 ਐਕਸਟੈਂਸ਼ਨ 'ਤੇ ਕਤਲ ਯੂਨਿਟ ਨੂੰ ਕਾਲ ਕਰਨ ਲਈ ਅਪੀਲ ਕੀਤੀ ਗਈ ਹੈ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant



ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca
GroverCPA Professional Corporation

214-7895 Tranmere Drive, Mississauga ON L5S 1V9

## ਪਾਕਿਸਤਾਨ ਵਿਚ ਮਲੀਰ ਜੇਲ੍ਹ ਤੋਂ 216 ਕੈਦੀ ਫਰਾਰ

* ਭੂਚਾਲ ਕਾਰਨ ਕੈਦੀਆਂ ਨੂੰ ਬੈਰਕਾਂ 'ਚੋਂ ਕੱਢਿਆ ਗਿਆ ਸੀ ਬਾਹਰ

ਕਰਾਚੀ, 3 ਜੂਨ (ਪੋਸਟ ਬਿਊਰੋ): ਸੋਮਵਾਰ ਰਾਤ ਨੂੰ ਪਾਕਿਸਤਾਨ ਦੇ ਕਰਾਚੀ ਸਥਿਤ ਮਲੀਰ ਜੇਲ੍ਹ ਤੋਂ 216 ਕੈਦੀ ਫਰਾਰ ਹੋ ਗਏ। ਜੇਲ੍ਹ ਪ੍ਰਸ਼ਾਸਨ ਅਨੁਸਾਰ ਕਰਾਚੀ ਵਿੱਚ ਆਏ ਭੂਚਾਲ ਤੋਂ ਬਾਅਦ ਸਾਵਧਾਨੀ ਵਜੋਂ ਕੈਦੀਆਂ ਨੂੰ ਬੈਰਕਾਂ ਤੋਂ ਬਾਹਰ ਕੱਢਿਆ ਗਿਆ ਸੀ।

ਜੀਓ ਨਿਊਜ਼ ਅਨੁਸਾਰ, ਇਸ ਸਮੇਂ ਦੌਰਾਨ, ਮੌਕੇ ਦਾ ਫਾਇਦਾ ਉਠਾਉਂਦੇ ਹੋਏ, ਕੈਦੀ ਮੁੱਖ ਗੇਟ ਤੋਂ ਭੱਜ ਗਏ। ਇਨ੍ਹਾਂ ਵਿੱਚੋਂ ਲਗਭਗ 80 ਕੈਦੀ ਦੁਬਾਰਾ



ਫੜੇ ਗਏ ਹਨ, ਜਦੋਂ ਕਿ 135 ਕੈਦੀ ਅਜੇ ਵੀ ਫਰਾਰ ਹਨ। ਜੇਲ੍ਹ ਸੁਪਰਡੈਂਟ ਅਰਸ਼ਦ ਸ਼ਾਹ ਨੇ ਮੰਗਲਵਾਰ ਸਵੇਰੇ ਇਸਦੀ ਪੁਸ਼ਟੀ ਕੀਤੀ।

ਇਸ ਤੋਂ ਪਹਿਲਾਂ, ਕਈ ਮੀਡੀਆ ਰਿਪੋਰਟਾਂ ਵਿੱਚ, ਇਹ ਕਿਹਾ ਜਾ ਰਿਹਾ ਸੀ ਕਿ ਕੈਦੀ ਕੰਧ ਤੋੜ ਕੇ ਭੱਜ ਗਏ। ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਕੋਈ ਕੰਧ ਨਹੀਂ ਟੁੱਟੀ, ਸਾਰੇ ਕੈਦੀ ਭਗਦੜ ਦੇ ਵਿਚਕਾਰ ਮੁੱਖ ਗੇਟ ਤੋਂ ਭੱਜ ਗਏ।

ਗ੍ਰਹਿ ਮੰਤਰੀ ਲੰਜਰ ਨੇ ਕਿਹਾ ਕਿ ਭੂਚਾਲ ਤੋਂ ਬਾਅਦ, 700 ਤੋਂ 1000 ਕੈਦੀਆਂ ਨੂੰ ਬੈਰਕਾਂ ਤੋਂ ਬਾਹਰ ਲਿਆਂਦਾ ਗਿਆ। ਇਸ ਹਫੜਾ-ਦਫੜੀ ਵਿੱਚ, 100 ਤੋਂ ਵੱਧ ਕੈਦੀ ਮੁੱਖ ਗੇਟ ਵੱਲ ਧੱਕਾ-ਮੁੱਕੀ ਕਰਨ ਲੱਗ ਪਏ ਅਤੇ ਭੱਜ ਗਏ।

ਜੇਲ੍ਹ ਪ੍ਰਸ਼ਾਸਨ ਅਨੁਸਾਰ, ਤਲਾਸ਼ੀ ਮੁਹਿੰਮ ਅਜੇ ਵੀ ਜਾਰੀ ਹੈ। ਇਸ ਕਾਰਵਾਈ ਵਿੱਚ ਸਪੈਸ਼ਲ ਸਿਕਿਓਰਿਟੀ ਯੂਨਿਟ, ਰੈਪਿਡ ਰਿਸਪਾਂਸ ਫੋਰਸ, ਰੇਂਜਰਸ ਅਤੇ ਫਰੰਟੀਅਰ ਕੋਰ ਦੀਆਂ ਟੀਮਾਂ ਮਿਲ ਕੇ ਕੰਮ ਕਰ ਰਹੀਆਂ ਹਨ।

ਘਟਨਾ ਤੋਂ ਤੁਰੰਤ ਬਾਅਦ, ਰੇਂਜਰਸ ਅਤੇ ਨੇ ਜੇਲ੍ਹ ਦਾ ਕੰਟਰੋਲ ਆਪਣੇ ਹੱਥਾਂ ਵਿੱਚ ਲੈ ਲਿਆ। ਜੇਲ੍ਹ ਡੀਆਈਜੀ ਅਤੇ ਜੇਲ੍ਹ ਮੰਤਰੀ ਮੌਕੇ 'ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131



Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family

MacroGlobal Immigration Services Ltd.
Seema Bhayana
MEMBER ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ShirGill Law Firm
Barrister, Solicitor & Notary Public

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

## ਨਿਊਜ਼ੀਲੈਂਡ ਦੀ ਸੰਸਦ ਮੈਂਬਰ ਲੌਰਾ ਮੈਕਲਰ ਨੇ ਤਸਵੀਰ ਦਿਖਾ ਕੇ ਡੀਪਫੇਕ ’ਤੇ ਕਾਨੂੰਨ ਬਣਾਉਣ ਦੀ ਕੀਤੀ ਮੰਗ

ਵੈਲਿੰਗਟਨ, 3 ਜੂਨ (ਪੋਸਟ ਬਿਊਰੋ): ਨਿਊਜ਼ੀਲੈਂਡ ਦੀ ਮਹਿਲਾ ਸੰਸਦ ਮੈਂਬਰ ਲੌਰਾ ਮੈਕਲਰ ਨੇ ਸੰਸਦ ‘ਚ ਆਪਣੀ ਇੱਕ ਏਆਈ-ਜਨਰੇਟਿਡ ਨਗਨ ਤਸਵੀਰ ਦਿਖਾਈ। ਮੈਕਲਰ ਦਾ ਉਦੇਸ਼ ਲੋਕਾਂ ਨੂੰ ਇਹ ਦੱਸਣਾ ਸੀ ਕਿ ਅਜਿਹੀਆਂ ਨਕਲੀ ਤਸਵੀਰਾਂ ਬਣਾਉਣਾ ਕਿੰਨਾ ਆਸਾਨ ਹੈ ਅਤੇ ਇਹ ਕਿੰਨਾ ਖਤਰਨਾਕ ਹੋ ਸਕਦਾ ਹੈ।



ਲੌਰਾ ਨੇ ਸੰਸਦ ‘ਚ ਕਿਹਾ ਕਿ ਉਨ੍ਹਾਂ ਨੇ ਗੂਗਲ ਸਰਚ ਰਾਹੀਂ ਮਿਲੀ ਇੱਕ ਵੈਬਸਾਈਟ ਦੀ ਵਰਤੋਂ ਕਰਕੇ ਕੁਝ ਮਿੰਟਾਂ ‘ਚ ਆਪਣੀ ਡੀਪਫੇਕ ਤਸਵੀਰ ਬਣਾਈ। ਉਨ੍ਹਾਂ ਨੇ ਡੀਪਫੇਕ ਅਤੇ ਏਆਈ ਨੂੰ ਕੰਟਰੋਲ ਕਰਨ ਲਈ ਕਾਨੂੰਨ ਦੀ ਮੰਗ ਕੀਤੀ ਹੈ। ਉਨ੍ਹਾਂ ਇੱਕ ਤਸਵੀਰ ਦਿਖਾਈ ਅਤੇ ਕਿਹਾ ਕਿ ਇਹ ਮੇਰੀ ਨਗਨ ਤਸਵੀਰ ਹੈ, ਪਰ ਇਹ ਅਸਲੀ ਨਹੀਂ ਹੈ। ਅਜਿਹੀਆਂ ਡੀਪਫੇਕ ਤਸਵੀਰਾਂ ਬਣਾਉਣ ‘ਚ ਮੈਨੂੰ ਪੰਜ ਮਿੰਟ ਤੋਂ ਵੀ ਘੱਟ ਸਮਾਂ ਲੱਗਿਆ।

ਲੌਰਾ ਨੇ ਇਹ ਗੱਲਾਂ 14 ਮਈ ਨੂੰ ਕਹੀਆਂ, ਜੋ ਹੁਣ ਵਾਇਰਲ ਹੋ ਰਹੀਆਂ ਹਨ। ਲੌਰਾ ਨੇ ਕਿਹਾ, “ਸਮੱਸਿਆ ਤਕਨਾਲੋਜੀ ‘ਚ ਨਹੀਂ ਹੈ, ਸਗੋਂ ਇਸਦੀ ਦੁਰਵਰਤੋਂ ਕਰਕੇ ਲੋਕਾਂ ਨੂੰ ਪਰੇਸ਼ਾਨ ਕਰਨ ‘ਚ ਹੈ। ਸਾਨੂੰ ਇਸਦਾ ਹੱਲ ਲੱਭਣਾ ਪਵੇਗਾ।”

ਨਿਊਜ਼ੀਲੈਂਡ ‘ਚ ਡੀਪਫੇਕ ਨੂੰ ਸਿੱਧੇ ਤੌਰ ‘ਤੇ ਨਿਯਮਤ ਕਰਨ ਲਈ ਕੋਈ ਕਾਨੂੰਨ ਨਹੀਂ ਹੈ, ਹਾਲਾਂਕਿ ਡਿਜੀਟਲ ਸੰਚਾਰ ਨਾਲ ਸਬੰਧਤ ਕੁਝ ਨਿਯਮ ਹਨ। ਲੌਰਾ ਡੀਪਫੇਕ ਡਿਜੀਟਲ ਨੁਕਸਾਨ ਅਤੇ ਸ਼ੋਸ਼ਣ ਬਿੱਲ ਦਾ ਸਮਰਥਨ ਕਰ ਰਹੀ ਹੈ .

ਇਸ ਦੇ ਤਹਿਤ, ਸਹਿਮਤੀ ਤੋਂ ਬਿਨਾਂ ਡੀਪਫੇਕ ਬਣਾਉਣਾ ਜਾਂ ਸਾਂਝਾ ਕਰਨਾ ਅਪਰਾਧ ਹੋਵੇਗਾ। ਨਿਊਜ਼ੀਲੈਂਡ ਦੇ ਮਾਹਰਾਂ ਦਾ ਕਹਿਣਾ ਹੈ ਕਿ ਜ਼ਿਆਦਾਤਰ ਡੀਪਫੇਕ ਪੋਰਨ ਬਿਨਾਂ ਸਹਿਮਤੀ ਦੇ ਬਣਾਏ ਜਾਂਦੇ ਹਨ ਅਤੇ ਉਨ੍ਹਾਂ ‘ਚੋਂ ਜ਼ਿਆਦਾਤਰ ਔਰਤਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।

ਲੌਰਾ ਨੂੰ ਉਮੀਦ ਹੈ ਕਿ ਉਸਦੇ ਇਸ ਕਦਮ ਨਾਲ ਕਾਨੂੰਨੀ ਸੁਧਾਰਾਂ ‘ਚ ਤੇਜ਼ੀ ਆਵੇਗੀ। ਲੌਰਾ ਨੇ ਕਿਹਾ, “ਕਿਸੇ ਨੂੰ ਵੀ ਸਹਿਮਤੀ ਤੋਂ ਬਿਨਾਂ ਡੀਪਫੇਕ ਪੋਰਨ ਦਾ ਨਿਸ਼ਾਨਾ ਨਹੀਂ ਬਣਨਾ ਚਾਹੀਦਾ। ਇਹ ਸਪੱਸ਼ਟ ਤੌਰ ‘ਤੇ ਪਰੇਸ਼ਾਨੀ ਹੈ। ਸਾਡੇ ਕਾਨੂੰਨਾਂ ਨੂੰ ਛੇਤੀ ਅਪਡੇਟ ਕਰਨ ਦੀ ਲੋੜ ਹੈ।”

# ਅਸਾਮ ’ਚ ਆਏ ਹੜ੍ਹ ਕਾਰਨ 11 ਮੌਤਾਂ, ਸਿੱਕਮ ਤੇ ਬਿਹਾਰ ’ਚ ਮੀਂਹ ਕਾਰਨ ਹਲਾਤ ਖ਼ਰਾਬ

ਨਵੀਂ ਦਿੱਲੀ, 3 ਜੂਨ (ਪੋਸਟ ਬਿਊਰੋ): ਦੇਸ਼ ਦੇ ਉੱਤਰ-ਪੂਰਬੀ ਸੂਬਿਆਂ ‘ਚ 29 ਮਈ ਨੂੰ ਮੌਨਸੂਨ ਪਹੁੰਚ ਗਿਆ ਸੀ। 5 ਦਿਨ ਬਾਅਦ ਵੀ ਮੌਨਸੂਨ ਦਾ ਅਸਰ ਜਾਰੀ ਹੈ . ਮੌਨਸੂਨ 2025 ਕਾਰਨ ਮਣੀਪੁਰ, ਅਸਾਮ, ਅਰੁਣਾਚਲ ਪ੍ਰਦੇਸ਼, ਤ੍ਰਿਪੁਰਾ, ਮੇਘਾਲਿਆ, ਮਿਜ਼ੋਰਮ ਅਤੇ ਸਿੱਕਮ ‘ਚ ਭਾਰੀ ਮੀਂਹ ਪੈ ਰਿਹਾ ਹੈ। ਅੱਜ ਮੱਧ ਪ੍ਰਦੇਸ਼-ਰਾਜਸਥਾਨ ਸਮੇਤ 20 ਸੂਬਿਆਂ ‘ਚ ਮੀਂਹ ਦੀ ਚੇਤਾਵਨੀ ਹੈ।

ਮੌਨਸੂਨ ਦੇ ਮੀਂਹ ਕਾਰਨ ਅਸਾਮ ਦੇ 22 ਜ਼ਿਲ੍ਹਿਆਂ ਦੇ 1254 ਪਿੰਡਾਂ ਦੇ 5.35 ਲੱਖ ਤੋਂ ਵੱਧ ਲੋਕ ਹੜ੍ਹਾਂ ਤੋਂ ਪ੍ਰਭਾਵਿਤ ਹਨ। ਹੁਣ ਤੱਕ ਹੜ੍ਹਾਂ ਅਤੇ ਜ਼ਮੀਨ ਖਿਸਕਣ ‘ਚ 11 ਜਣਿਆਂ ਦੀ ਮੌਤ ਹੋ ਚੁੱਕੀ ਹੈ। ਲਗਾਤਾਰ ਮੀਂਹ ਕਾਰਨ ਲਗਭਗ 15 ਨਦੀਆਂ ਉਫਾਨ ‘ਚ ਹਨ। ਸੜਕ, ਰੇਲ ਅਤੇ ਕਿਸ਼ਤੀ ਸੇਵਾਵਾਂ ਪ੍ਰਭਾਵਿਤ ਹਨ। ਜਾਣਕਾਰੀ ਮੁਤਾਬਕ ਕਰੀਬ 31 ਹਜ਼ਾਰ ਲੋਕਾਂ ਨੂੰ 165 ਰਾਹਤ ਕੈਂਪਾਂ ‘ਚ ਰੱਖਿਆ ਗਿਆ ਹੈ।

ਇਸਦੇ ਨਾਲ ਹੀ ਉੱਤਰੀ ਸਿੱਕਮ ਦੇ ਲਾਚੇਂਗ-ਚੁੰਗਥਾਂਗ ਕਸਬਿਆਂ ‘ਚ ਜ਼ਮੀਨ ਖਿਸਕਣ ਕਾਰਨ ਫਸੇ 1678 ਸੈਲਾਨੀਆਂ ਨੂੰ ਬਚਾਇਆ ਗਿਆ। 100 ਤੋਂ ਵੱਧ ਸੈਲਾਨੀ ਅਜੇ ਵੀ ਇੱਥੇ ਫਸੇ ਹੋਏ ਹਨ। ਮੰਗਨ ਜ਼ਿਲ੍ਹੇ ‘ਚ ਹੜ੍ਹ ਨੂੰ ਆਫ਼ਤ ਐਲਾਨ ਦਿੱਤਾ ਗਿਆ ਹੈ। 31 ਮਈ ਦੀ ਸ਼ਾਮ ਨੂੰ ਜ਼ਿਲ੍ਹੇ ਦੇ ਛਾਤੇਨ ‘ਚ ਫੌਜੀ ਕੈਂਪ ‘ਚ ਜ਼ਮੀਨ ਖਿਸਕਣ ਕਾਰਨ 3 ਸੈਨਿਕ ਮਾਰੇ ਗਏ ਸਨ। ਇਸਦੇ ਨਾਲ ਹੀ ਲਾਪਤਾ 6 ਸੈਨਿਕਾਂ ਦੀ ਭਾਲ ਜਾਰੀ ਹੈ।

ਇਸਦੇ ਨਾਲ ਹੀ ਬਿਹਾਰ ਦੇ ਸੀਵਾਨ ‘ਚ ਸੋਮਵਾਰ ਨੂੰ ਤੂਫਾਨ ਅਤੇ ਮੀਂਹ ਤੋਂ ਬਾਅਦ ਕੰਧਾਂ ਅਤੇ ਦਰੱਖਤ ਡਿੱਗਣ ਕਾਰਨ ਵੱਖ-ਵੱਖ ਇਲਾਕਿਆਂ ‘ਚ 2 ਔਰਤਾਂ ਸਮੇਤ 7 ਜਣਿਆਂ ਦੀ ਮੌਤ ਹੋ ਗਈ। ਜੈਪੁਰ ‘ਚ ਵੀ ਇੱਕ ਔਰਤ ਦੀ ਕੰਧ ਡਿੱਗਣ ਕਾਰਨ ਜਾਨ ਚਲੀ ਗਈ। ਇਸ ਦੇ



ਨਾਲ ਹੀ ਅੱਜ ਮੱਧ ਪ੍ਰਦੇਸ਼ ਦੇ 38 ਜ਼ਿਲ੍ਹਿਆਂ ‘ਚ ਤੂਫਾਨ ਅਤੇ ਮੀਂਹ ਦੀ ਚੇਤਾਵਨੀ ਜਾਰੀ ਹੈ।

ਤ੍ਰਿਪੁਰਾ ਵਿੱਚ ਹੜ੍ਹ ਦੀ ਸਥਿਤੀ ‘ਚ ਸੁਧਾਰ ਹੋਇਆ ਹੈ। ਨਦੀਆਂ ਖ਼ਤਰੇ ਦੇ ਨਿਸ਼ਾਨ ਤੋਂ ਹੇਠਾਂ ਹਨ। ਸੂਬੇ ਦੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ‘ਚ 66 ਰਾਹਤ ਕੈਂਪ ਖੋਲ੍ਹੇ ਗਏ ਹਨ, 2926 ਪਰਿਵਾਰਾਂ ਦੇ 10800 ਤੋਂ ਵੱਧ ਲੋਕ ਇੱਥੇ ਮੌਜੂਦ ਹਨ। ਪੱਛਮੀ ਤ੍ਰਿਪੁਰਾ ਜ਼ਿਲ੍ਹੇ ਵਿੱਚ ਸਭ ਤੋਂ ਵੱਧ 50 ਰਾਹਤ ਕੈਂਪ ਹਨ।

ਇਸ ਦੌਰਾਨ, ਹਵਾਈ ਸੈਨਾ ਨੇ ਸੋਮਵਾਰ ਨੂੰ ਅਰੁਣਾਚਲ ਪ੍ਰਦੇਸ਼ ਵਿੱਚ ਇੱਕ ਬਚਾਅ ਕਾਰਜ ਚਲਾਇਆ। ਹਵਾਈ ਸੈਨਾ ਦੇ ਮੁਤਾਬਕ ਅਸਾਮ ਅਤੇ ਅਰੁਣਾਚਲ ਪ੍ਰਦੇਸ਼ ‘ਚ -17 ਹੈਲੀਕਾਪਟਰਾਂ ਨਾਲ ਬਚਾਅ ਕਾਰਜ ਚਲਾਏ ਜਾ ਰਹੇ ਹਨ। ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਲੋਕਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ।

# ਯੂਪੀ ’ਚ ਸਾਬਕਾ ਅਗਨੀਵੀਰਾਂ ਨੂੰ ਪੁਲਿਸ ਭਰਤੀ ’ਚ 20 ਫੀਸਦੀ ਰਾਖਵਾਂਕਰਨ ਮਿਲੇਗਾ

ਲਖਨਊ, 3 ਜੂਨ (ਪੋਸਟ ਬਿਊਰੋ): ਉੱਤਰ ਪ੍ਰਦੇਸ਼ ਸਰਕਾਰ ਨੇ ਦੇਸ਼ ਦੀ ਸੇਵਾ ਕਰਨ ਵਾਲੇ ਅਗਨੀਵੀਰਾਂ ਸੰਬੰਧੀ ਇੱਕ ਅਹਿਮ ਫੈਸਲਾ ਲਿਆ ਹੈ। ਮੰਗਲਵਾਰ ਨੂੰ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਬੈਠਕ ‘ਚ ਪੁਲਿਸ ਕਾਂਸਟੇਬਲ, ਪੀਏਸੀ, ਕਾਂਸਟੇਬਲ ਘੋੜਸਵਾਰ ਅਤੇ ਫਾਇਰਮੈਨ ਦੀ ਭਰਤੀ ‘ਚ ਸਾਬਕਾ ਅਗਨੀਵੀਰਾਂ ਨੂੰ 20 ਫੀਸਦੀ ਰਾਖਵਾਂਕਰਨ ਦੇਣ ਦਾ ਪ੍ਰਸਤਾਵ ਪਾਸ ਕੀਤਾ ਗਿਆ ਹੈ। ਇੰਨਾ ਹੀ ਨਹੀਂ, ਇਨ੍ਹਾਂ ਉਮੀਦਵਾਰਾਂ ਨੂੰ ਉਮਰ ਸੀਮਾ ‘ਚ ਵੀ ਛੋਟ ਦਿੱਤੀ ਜਾਵੇਗੀ।

ਕੈਬਨਿਟ ਮੰਤਰੀ ਸੁਰੇਸ਼ ਖੰਨਾ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਇਹ ਫੈਸਲਾ ਮੰਗਲਵਾਰ ਸਵੇਰੇ 11 ਵਜੇ ਲਖਨਊ ਦੇ ਲੋਕ ਭਵਨ ‘ਚ ਹੋਈ ਯੂਪੀ ਕੈਬਨਿਟ ਬੈਠਕ ‘ਚ ਲਿਆ ਗਿਆ। ਬੈਠਕ ‘ਚ ਗ੍ਰਹਿ ਵਿਭਾਗ ਵੱਲੋਂ ਲਿਆਂਦਾ ਗਿਆ ਇਹ ਪ੍ਰਸਤਾਵ ਸਰਬਸੰਮਤੀ ਨਾਲ ਪਾਸ ਹੋ ਗਿਆ।

ਅਗਨੀਪਥ ਯੋਜਨਾ, ਜੋ ਕਿ ਕੇਂਦਰ ਸਰਕਾਰ ਵੱਲੋਂ 2022 ‘ਚ ਸ਼ੁਰੂ ਕੀਤੀ ਗਈ ਸੀ, ਭਾਰਤੀ ਫੌਜ, ਹਵਾਈ ਫੌਜ ਅਤੇ ਜਲ ਫੌਜ ‘ਚ ਚਾਰ ਸਾਲ ਦੀ ਸੇਵਾ ਲਈ ਨੌਜਵਾਨਾਂ ਨੂੰ ‘ਅਗਨੀਵੀਰ’ ਵਜੋਂ ਭਰਤੀ ਕਰਨ ਦੀ ਪ੍ਰਕਿਰਿਆ ਹੈ। ਇਸ ਦੌਰਾਨ ਛੇ



ਮਹੀਨਿਆਂ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਸੇਵਾ ਪੂਰੀ ਹੋਣ ‘ਤੇ, ਪ੍ਰਦਰਸ਼ਨ ਦੇ ਆਧਾਰ ‘ਤੇ 25 ਫੀਸਦੀ ਅਗਨੀਵੀਰਾਂ ਨੂੰ ਸਥਾਈ ਸੇਵਾ ‘ਚ ਰੱਖਿਆ ਜਾਂਦਾ ਹੈ। ਬਾਕੀ 75 ਫੀਸਦੀ ਨੌਜਵਾਨਾਂ ਨੂੰ ਹੋਰ ਸੇਵਾਵਾਂ ‘ਚ ਮੌਕੇ ਲੱਭਣ ਦਾ ਮੌਕਾ ਮਿਲਦਾ ਹੈ।

ਅਗਨੀਵੀਰਾਂ ਦੇ ਪਹਿਲੇ ਬੈਚ ਦਾ ਕਾਰ-ਜਕਾਲ 2026-27 ‘ਚ ਖਤਮ ਹੋ ਜਾਵੇਗਾ। ਅੰਦਾਜ਼ਾ ਲਗਾਇਆ ਗਿਆ ਹੈ ਕਿ ਲਗਭਗ 1 ਲੱਖ ਅਗਨੀਵੀਰਾਂ ‘ਚੋਂ 25 ਹਜ਼ਾਰ ਨੂੰ ਫੌਜ ‘ਚ ਸਥਾਈ ਨਿਯੁਕਤੀ ਦਿੱਤੀ ਜਾਵੇਗੀ, ਜਦੋਂ ਕਿ ਬਾਕੀਆਂ ਨੂੰ ਸਿਵਲ ਸੇਵਾਵਾਂ ‘ਚ ਮੌਕੇ ਮਿਲਣਗੇ। ਅਜਿਹੀ ਸਥਿਤੀ ‘ਚ ਯੂਪੀ ਸਰਕਾਰ ਦਾ ਇਹ ਕਦਮ ਲੱਖਾਂ ਨੌਜਵਾਨਾਂ ਲਈ ਰੁਜ਼ਗਾਰ ਦਾ ਇੱਕ ਨਵਾਂ ਦਰਵਾਜ਼ਾ ਖੋਲ੍ਹਦਾ ਹੈ।

ਯੋਜਨਾ ਦੀ ਸ਼ੁਰੂਆਤ ਦੇ ਸਮੇਂ, ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਵਾਅਦਾ ਕੀਤਾ ਸੀ ਕਿ ਚਾਰ ਸਾਲ ਦੀ ਸੇਵਾ ਤੋਂ ਬਾਅਦ ਵਾਪਸ ਆਉਣ ਵਾਲੇ ਅਗਨੀਵੀਰਾਂ ਨੂੰ ਉੱਤਰ ਪ੍ਰਦੇਸ਼ ਪੁਲਿਸ ਅਤੇ ਪੀਏਸੀ ‘ਚ ਤਰਜੀਹ ਦਿੱਤੀ ਜਾਵੇਗੀ। ਹੁਣ 20 ਫੀਸਦੀ ਰਾਖਵੇਂਕਰਨ ਦੀ ਨੀਤੀ ਨੂੰ ਲਾਗੂ ਕਰਕੇ ਇਹ ਵਾਅਦਾ ਪੂਰਾ ਹੋ ਗਿਆ ਹੈ। ਇਹ ਕਦਮ ਨਾ ਸਿਰਫ਼ ਸਾਬਕਾ ਅਗਨੀਵੀਰਾਂ ਨੂੰ ਸਥਾਈ ਕਰੀਅਰ ਵੱਲ ਪ੍ਰੇਰਿਤ ਕਰੇਗਾ, ਸਗੋਂ ਸੁਰੱਖਿਆ ਬਲਾਂ ਨੂੰ ਤਜਰਬੇਕਾਰ ਅਤੇ ਸਿਖਲਾਈ ਪ੍ਰਾਪਤ ਨੌਜਵਾਨ ਵੀ ਮਿਲਣਗੇ।

PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:



- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba
Broker, CRA

416-669-1423
www.purbahomes.com







# ਦਿੱਲੀ ’ਚ ਨੌਜਵਾਨ ਨੇ ਕੁੜੀ ਦਾ ਕਤਲ ਕਰਕੇ ਲਾਸ਼ ਸਾੜੀ

*** ਮ੍ਰਿਤਕ ਬੀਏ ਪਹਿਲੇ ਸਾਲ ਦੀ ਵਿਦਿਆਰਥਣ ਸੀ**

ਨਵੀਂ ਦਿੱਲੀ, 3 ਜੂਨ (ਪੋਸਟ ਬਿਊਰੋ): ਦਿੱਲੀ ਵਿਚ ਇੱਕ ਨੌਜਵਾਨ ਨੇ ਮਹਿਰੌਲੀ ਦੇ ਜੰਗਲਾਂ ’ਚ ਇੱਕ ਵਿਦਿਆਰਥਣ ਦਾ ਕਤਲ ਕਰਕੇ ਉਸਦੀ ਲਾਸ਼ ਸਾੜ ਦਿੱਤੀ। ਮ੍ਰਿਤਕ ਬੀਏ ਪਹਿਲੇ ਸਾਲ ਦੀ ਵਿਦਿਆਰਥਣ ਮਹਿਕ (ਉਮਰ ਕਰੀਬ 18 ਸਾਲ) ਐਤਵਾਰ ਨੂੰ ਇਹ ਕਹਿ ਕੇ ਘਰੋਂ ਨਿਕਲੀ ਸੀ ਕਿ ਉਹ ਕਾਲਜ ਜਾ ਰਹੀ ਹੈ। ਮੁਲਜ਼ਮ ਨੇ ਉਸਨੂੰ ਜਹਾਂਗੀਰਪੁਰੀ ਤੋਂ ਬੁਲਾਇਆ ਅਤੇ ਉਸਦੇ ਉੱਤੇ ਚਾਕੂ ਨਾਲ ਵਾਰ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ। ਮੁਲਜ਼ਮ ਦੀ ਜਾਣਕਾਰੀ ਦੇ ਆਧਾਰ ’ਤੇ ਪੁਲਿਸ ਨੇ ਲਾਸ਼ ਬਰਾਮਦ ਕਰ ਲਈ ਹੈ।

ਪੁਲਿਸ ਮੁਤਾਬਕ ਮੁਲਜ਼ਮ ਇਸ ਗੱਲ ਤੋਂ ਗੁੱਸਾ ਸੀ ਕਿ ਕੁੜੀ ਦੇ ਪਰਿਵਾਰ ਵਾਲਿਆਂ ਨੇ ਮੁਲਜ਼ਮ ਨੂੰ ਦੂਰ ਰਹਿਣ ਲਈ ਕਿਹਾ ਸੀ। ਸੋਮਵਾਰ ਨੂੰ ਲਾਸ਼ ਬਰਾਮਦ ਕਰਨ ਤੋਂ ਬਾਅਦ ਉਕਤ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਮਹਿਕ ਡੀਯੂ ਐਸਓਐਲ ਤੋਂ ਬੀਏ ਪਹਿਲੇ ਸਾਲ ਦੀ ਵਿਦਿਆਰਥਣ ਸੀ। ਉਸ ਦੀਆਂ ਸ਼ਨੀਵਾਰ ਅਤੇ ਐਤਵਾਰ ਕਲਾਸਾਂ ਲੱਗਦੀਆਂ ਸਨ। ਅਰਸ਼ ਰਾਣੀਬਾਗ ਇਲਾਕੇ ‘ਚ ਆਪਣੇ ਪਰਿਵਾਰ ਨਾਲ ਰਹਿੰਦਾ ਸੀ। ਉਹ ਡੀਯੂ ਐਸਓਐਲ ‘ਚ ਪਹਿਲੇ ਸਾਲ ਦਾ ਵਿਦਿਆਰਥੀ ਵੀ ਹੈ। ਦੋਵੇਂ ਇੱਕ ਸਾਲ ਪਹਿਲਾਂ ਕਿਤੇ ਮਿਲੇ ਸਨ। ਦੋਵੇਂ ਦੋਸਤ ਬਣ ਗਏ ਸਨ। ਮਹਿਕ ਦੇ ਪਰਿਵਾਰ ਨੂੰ ਅਰਸ਼ ਪਸੰਦ ਨਹੀਂ ਸੀ। ਮਹਿਕ, ਮੂਲ ਰੂਪ ‘ਚ ਯੂਪੀ ਦੇ ਮਥੁਰਾ ਦੀ ਰਹਿਣ ਵਾਲੀ ਹੈ, ਜਹਾਂਗੀਰਪੁਰੀ’ਚ ਰਹਿੰਦੀ ਸੀ। ਉਸਦੇ ਪਿਤਾ ਰਾਕੇਸ਼ ਕੁਮਾਰ ਅਤੇ ਮਾਂ ਤੋਂ ਇਲਾਵਾ, ਪਰਿਵਾਰ ‘ਚ ਉਸਦੀ ਇੱਕ




ਵੱਡੀ ਭੈਣ ਹੈ।

ਦੋ ਪੁਲਿਸ ਮੁਲਾਜ਼ਮਾਂ, ਪ੍ਰੀਤੀ ਅਤੇ ਰਾਕੇਸ਼ ਨੇ 18 ਘੰਟੇ ਮਹਿਕ ਦੀ ਭਾਲ ਕੀਤੀ ਪਰ ਨਹੀਂ ਲੱਭੀ। ਸੰਜੇ ਵਾਨ ਦੇ ਜੰਗਲਾਂ ‘ਚ ਵੀ ਭਾਲ ਕੀਤੀ ਗਈ ਪਰ ਉਹ ਨਹੀਂ ਮਿਲੀ। ਇਸ ਦੌਰਾਨ ਅਰਸ਼ ਨਾਲ ਵੀਡੀਓ ਕਾਲ ‘ਤੇ ਵੀ ਗੱਲ ਕੀਤੀ ਗਈ ਪਰ ਉਹ ਇਧਰ-ਉਧਰ ਗੱਲ ਟਾਲਦਾ ਰਿਹਾ। ਪੁਲਿਸ ਕਰਮਚਾਰੀ ਵਾਪਸ ਆ ਗਏ। ਇਸ ਦੌਰਾਨ, ਜਦੋਂ ਥਾਣਾ ਇੰਚਾਰਜ ਪਹੁੰਚੇ ਤਾਂ ਉਨ੍ਹਾਂ ਨੇ ਰਾਤ ਨੂੰ ਤਿੰਨ ਟੀਮਾਂ ਬਣਾ ਕੇ ਸਵੇਰੇ ਰਾਣੀਬਾਗ ਤੋਂ ਅਰਸ਼ ਨੂੰ ਚੁੱਕਿਆ। ਸਖ਼ਤ ਪੁੱਛਗਿੱਛ ‘ਤੇ, ਉਸਦੇ ਇਸ਼ਾਰੇ ‘ਤੇ ਸੰਜੇ ਵਾਨ ਤੋਂ ਮਹਿਕ ਦੀ ਅੱਧ ਸੜੀ ਹੋਈ ਲਾਸ਼ ਬਰਾਮਦ ਕੀਤੀ ਗਈ।

ਮਾਮਲੇ ਸੰਬੰਧੀ ਪੁਲਿਸ ਨੇ ਸੀਸੀਟੀਵੀ ਕੈਮਰੇ ਖੰਗਾਲੇ ਅਤੇ ਸੰਜੇ ਵਨ ਦੇ ਗੇਟ ਨੰਬਰ 5 ‘ਤੇ ਲੱਗੇ ਸੀਸੀਟੀਵੀ ਫੁਟੇਜ ’ਚ ਅਰਸ਼ ਸਵੇਰੇ 8.30 ਵਜੇ ਉੱਥੇ ਪਹੁੰਚਿਆ ਸੀ ਅਤੇ ਮਹਿਕ ਵੀ ਸਵੇਰੇ 9.45 ਵਜੇ ਉੱਥੇ ਪਹੁੰਚੀ। ਪੁਲਿਸ ਮੁਤਾਬਕ ਦੁਪਹਿਰ ਲਗਭਗ 12.57 ਵਜੇ ਮੁਲਜ਼ਮ ਨੂੰ ਜ਼ਖਮੀ ਹਾਲਤ ‘ਚ ਇਕੱਲਾ ਬਾਹਰ ਆਉਂਦਾ ਦੇਖਿਆ ਗਿਆ। ਇਸ ਦੇ ਆਧਾਰ ‘ਤੇ ਪੁਲਿਸ ਨੇ ਉਸਨੂੰ ਉਸਦੇ ਘਰੋਂ ਫੜ ਲਿਆ। ਪੁਲਿਸ ਅਨੁਸਾਰ ਮੁਲਜ਼ਮ ਚਾਕੂ ਅਤੇ ਪੈਟਰੋਲ ਲੈ ਕੇ ਪਹੁੰਚਿਆ ਸੀ।

# ਹਰਚੰਦ ਬਰਸਟ ਨੇ ਟੀ-20 ਕ੍ਰਿਕਟ ਟੂਰਨਾਮੈਂਟ ਵਿੱਚ ਖਿਡਾਰੀਆਂ ਦਾ ਵਧਾਇਆ ਹੌਂਸਲਾ

**ਪਹਿਲੇ ਆਲ ਇੰਡੀਆ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡਜ਼ ਟੀ-20 ਕ੍ਰਿਕਟ ਟੂਰਨਾਮੈਂਟ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਕੀਤੀ ਸ਼ਿਰਕਤ**

ਐਸ.ਏ.ਐਸ. ਨਗਰ (ਮੋਹਾਲੀ), 3 ਜੂਨ (ਗਿਆਨ ਸਿੰਘ): ਖੇਡਾਂ ਸਾਡੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ ਅਤੇ ਸਰੀਰ ਨੂੰ ਤੰਦਰੁਸਤ ਤੇ ਮਜ਼ਬੂਤ ਬਣਾਉਂਦੀਆਂ ਹਨ। ਖੇਡਾਂ ਵਿਅਕਤੀ ਨੂੰ ਫਿਟ ਅਤੇ ਐਕਟਿਵ ਰੱਖਦੀਆਂ ਹਨ, ਜਿਸ ਨਾਲ ਬੀਮਾਰੀਆਂ ਤੋਂ ਬਚਾਅ ਹੁੰਦਾ ਹੈ। ਇਨ੍ਹਾਂ ਵਿਚਾਰਾ ਦਾ ਪ੍ਰਗਟਾਵਾ ਹਰਚੰਦ ਸਿੰਘ ਬਰਸਟ, ਚੇਅਰਮੈਨ ਪੰਜਾਬ ਮੰਡੀ ਬੋਰਡ ਵੱਲੋਂ ਪਹਿਲੇ ਆਲ ਇੰਡੀਆ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡਜ਼ ਟੀ-20 ਕ੍ਰਿਕਟ ਟੂਰਨਾਮੈਂਟ ਦੌਰਾਨ ਕੀਤਾ ਗਿਆ।




ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਹਰਿਆਣਾ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ ਵੱਲੋਂ ਤਾਊ ਦੇਵੀ ਲਾਲ ਸਟੈਡੀਅਮ, ਪੰਚਕੂਲਾ ਵਿਖੇ ਆਯੋਜਿਤ ਟੀ-20 ਕ੍ਰਿਕਟ ਟੂਰਨਾਮੈਂਟ ਵਿੱਚ ਵਿਸ਼ੇਸ਼ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਇਸ ਦੌਰਾਨ ਸ. ਬਰਸਟ ਵੱਲੋਂ ਸਮੂਹ ਖਿਡਾਰੀਆਂ ਨੂੰ ਮਿਲ ਕੇ ਉਨ੍ਹਾਂ ਦਾ ਹੌਂਸਲਾ ਵਧਾਇਆ ਗਿਆ ਅਤੇ ਚੰਗਾ ਪ੍ਰਦਰਸ਼ਨ ਕਰਨ ਵਾਸਤੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਨੇ ਸਖ਼ਤ ਮਿਹਨਤ ਕੀਤੀ ਹੈ, ਜੋ ਕਿ ਸ਼ਲਾਘਾਯੋਗ ਹੈ। ਜਿੱਤ ਜਾਂ ਹਾਰ ਖੇਡ ਦਾ ਹਿੱਸਾ ਹੈ, ਪਰ ਅਸਲ ਜਿੱਤ ਉਦੋਂ ਹੁੰਦੀ ਹੈ, ਜਦੋਂ ਸਾਰੇ ਪੂਰੇ ਜੋਸ਼ ਨਾਲ ਖੇਡਦੇ ਹਨ ਅਤੇ ਆਪਣਾ ਸਰਵੋਤਮ ਪ੍ਰਦਰਸ਼ਨ ਕਰਦੇ ਹਨ।

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਕਿਹਾ ਕਿ ਖੇਡਾਂ ਜਿੱਥੇ ਮਾਨਸਿਕ ਸ਼ਾਂਤੀ ਦਿੰਦੀਆਂ ਹਨ, ਉੱਥੇ ਹੀ ਤਣਾਅ ਅਤੇ ਚਿੰਤਾ ਨੂੰ ਘੱਟ ਕਰਦੀਆਂ ਹਨ ਅਤੇ ਇਕਾਗਰਤਾ ਨੂੰ ਵਧਾਉਂਦੀਆਂ ਹਨ। ਇਸ ਨਾਲ ਟੀਮ ਵਰਕ ਅਤੇ ਅਨੁਸ਼ਾਸਨ ਵੀ ਵਿਕਸਤ ਹੁੰਦਾ ਹੈ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਖੁੱਦ ਵੀ ਅਤੇ ਆਪਣੇ ਬੱਚਿਆਂ ਨੂੰ ਵੀ ਖੇਡਾਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕਰਨ। ਟੂਰਨਾਮੈਂਟ ਵਿੱਚ ਪੰਜਾਬ ਮੰਡੀ ਬੋਰਡ ਦੀ ਟੀਮ ਨੇ ਜਿੱਤ ਨਾਲ ਆਪਣੀ ਸ਼ੁਰੂਆਤ ਕੀਤੀ ਅਤੇ ਉਤਰਾਖੰਡ ਮਾਰਕੀਟਿੰਗ ਬੋਰਡ ਦੀ ਟੀਮ ਨੂੰ 10 ਵਿਕਟਾਂ ਨਾਲ ਹਰਾਇਆ। ਹਰਚੰਦ ਸਿੰਘ ਬਰਸਟ ਨੇ ਪੰਜਾਬ ਮੰਡੀ ਬੋਰਡ ਦੀ ਟੀਮ ਨੂੰ ਮੈਚ ਜਿੱਤਣ ਤੇ ਵਧਾਈਆਂ ਦਿੱਤੀਆਂ ਅਤੇ ਅੱਗੇ ਵੀ ਇਸੇ ਤਰ੍ਹਾਂ ਚੰਗਾ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੰਡੀ ਬੋਰਡ ਦੇ ਅਧਿਕਾਰੀ ਅਤੇ ਕਰਮਚਾਰੀ ਵੀ ਮੌਜੂਦ ਰਹੇ।




**Allseas Fisheries Inc. is Hiring!**

**DZ licensed delivery drivers needed.**

Pay is $24/hour. Full time, permanent

Should work any day of the week, including weekends.

If interested, please forward resume to **rgidda@allseas.net**

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

## ਲੜਕੀ ਦੀ ਲੋੜ

**Well settled Canada Citizen Khatri Boy,** Punjabi Vegetarian, No Drinking/smoking family, Handsome, M.Com LLB 1987 6"ft. height. Legally devorced, very short marriage. Senior service, Loan officer in Major Canada Bank. We are close knit family, requires all-caste, punjabi educated girl in Canada OR INDIA. New Comers also Considered on PR. Work permit Parents. Please Call or whattsapp +1 437-446 8681

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ ’ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

suitable match for **Sikh Jatt Girl.** Born in Jan 1995, 5'5" tall. **working with the Government of Canada** and resides in Canada. She is a blend of modern values and traditional upbringing—cultured, respectful, and family-oriented.

looking for a professionally qualified, well-settled Sikh Jatt boy from a respectable family, preferably residing in Canada.

**Contact: +1 306 302 9009**

ਗਿੱਲ ਜੱਟ ਸਿੱਖ, 1992, ਇੱਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4”, ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ ’ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5’-3’’, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664












# ਸਾਕਾ ਨੀਲਾ ਤਾਰਾ 1984 ਵਾਪਰਨ ਤੋਂ ਪਹਿਲਾਂ ਦੇ ਹਾਲਾਤ



ਗਿਆਨ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫਸਰ
ਮੋਬਾਈਲ 9815784100

ਪੰਜਾਬ ਵਿਚ ਸ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਸਮੇਂ 13 ਅਪ੍ਰੈਲ 1978 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸਿੱਖ ਜੱਥੇਬੰਦੀਆਂ ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜੱਥੇ ਦੇ ਕਾਰਕੁਨਾਂ ਤੇ ਨਿਰੰਕਾਰੀ ਮਿਸ਼ਨ ਦੇ ਮੈਬਰਾਂ ਵਿਚਕਾਰ ਹੋਇਆ ਟਕਰਾ ਤੇ ਹਿੰਸਾ ਕਾਰਨ 16 ਵਿਅਕਤੀਆਂ ਦੀ ਮੌਤ ਹੋ ਗਈ ਜਿਨ੍ਹਾਂ ਵਿਚ ਸਿੱਖ ਜੱਥੇਬੰਦੀਆਂ ਦੇ 13 ਅਤੇ ਨਿਰੰਕਾਰੀ ਮਿਸ਼ਨ ਦੇ 3 ਮੈਂਬਰ ਸਾਮਲ ਸਨ।ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਫੌਜਾ ਸਿੰਘ ਦੀ ਅਗਵਾਈ ਹੇਠ ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜੱਥੇ ਦੇ ਸਿੰਘਾਂ ਨੇ ਨਿਰੰਕਾਰੀ ਮਿਸ਼ਨ ਦੀ
ਕਨਵੈਨਸ਼ਨ ਰੋਕਣ ਦਾ ਯਤਨ ਕੀਤਾ ਸੀ।ਅਸਲ ਵਿਚ ਇਹ ਘਟਨਾ ਸਾਕਾ ਨੀਲਾ ਤਾਰਾ ਦਾ ਮੁੱਢ ਸੀ।ਇਸ ਦੇ ਨਾਲ ਹੀ ਸ੍ਰੀ ਅਨੰਦਪੁਰ ਸਾਹਿਬ ਦਾ ਮੱਤਾ 1973, ਧਰਮਯੁੱਧ ਮੋਰਚਾ 1982 ਤੇ ਸਿੱਖਾਂ ਦੀ ਵੱਖਰੀ ਰਿਆ-ਸਤ ਦੀ ਮੰਗ ਵੀ ਸ਼ਾਮਲ ਹਨ।
ਭਾਰਤ ਵਿਚ ਰਹਿਕੇ ਕਿਸੇ ਸੂਬੇ ਦੇ ਖਾਸ ਸੰਗਠਨ ਵਲੋ ਵੱਧ ਅਧਿਕਾਰਾਂ ਦੀ ਮੰਗ ਕਰਨਾ ਕੋਈ ਦੇਸ਼ ਧਰੋਹੀ ਨਹੀ ਸਗੋ ਹੱਕ ਹੈ। ਇਹ ਲਹਿਰ ਹੋਲੀ ਹੋਲੀ ਵੱਧ ਅਧਿਕਾਰਾਂ ਤੋਂ ਵੱਖਰੇ ਰਾਜ ਦੀ ਮੰਗ ਬਣ ਗਈ। ਪੰਜਾਬ ਵਿਚ ਗਰਮਦਲੀਆਂ ਦੀਆਂ ਸਰਗਰਮੀਆਂ ਦਿਨੋ ਦਿਨ ਵੱਧਣ ਲੱਗੀਆਂ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਪੰਜਾਬ ਵਿਚ ਪ੍ਰਭਾਵ ਦਿਨੋ ਦਿਨ ਵੱਧਣ ਲੱਗਾ ਜਿਸ ਕਾਰਨ ਪੰਜਾਬ ਵਿਚ ਅਮਨ-ਕਨੂੰਨ ਦੀ ਸਥਿਤੀ ਗੰਭੀਰ ਰੂਪ ਧਾਰਨ ਕਰਨ ਲੱਗੀ। ਕੇਂਦਰ ਸਰਕਾਰ ਨੇ 17 ਫਰਵਰੀ 1980 ਨੂੰ ਪੰਜਾਬ ਵਿਚ ਸ ਪਰਕਾਸ਼ ਸਿੰਘ ਬਾਦਲ ਦੀ
ਸਰਕਾਰ ਭੰਗ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ। ਉਸ ਵੇਲੇ ਪੰਜਾਬ ਦੇ ਰਾਜਪਾਲ ਸ੍ਰੀ ਜੈ ਸੁਖ ਲਾਲ ਹਾਥੀ ਸਨ। ਪੰਜਾਬ ਵਿਚ ਕੇਂਦਰੀ ਸੁਰੱਖਿਆ ਸੈਨਾਵਾਂ ਦੀ ਤਾਇਨਾਤੀ ਅਰੰਭ ਕਰ ਦਿੱਤੀ। ਪੰਜਾਬ ਵਿਚ ਅਮਨ ਕਨੂੰਨ ਦੀ ਸਥਿਤੀ ਵਿਚ ਸੁਧਾਰ ਆਉਣਾ ਸੁਰੂ ਹੋਇਆ
ਤਾਂ ਪੰਜਾਬ ਵਿਚ ਮੁੜ ਚੋਣਾਂ ਕਰਵਾ ਦਿੱਤੀਆਂ, 6 ਜੂਨ 1980 ਨੂੰ ਸ ਦਰਬਾਰਾ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣ ਗਏ। ਉਹ ਵੀ ਆਪਣੇ ਕਾਰਜ਼ਕਾਲ ਦੌਰਾਨ ਪੰਜਾਬ ਦੀ ਦਿਨ-ਬ-ਦਿਨ ਵਿਗੜ ਰਹੀ ਸਥਿਤੀ ਤੇ ਕਾਬੂ ਨਾ ਕਰ ਸਕੇ।ਜ਼ਰਨੈਲ ਸਿੰਘ ਭਿੰਡਰਾਂਵਾਲੇ ਨੇ 200
ਸਾਥੀਆਂ ਸਮੇਤ 19 ਜੁਲਾਈ 1982 ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਨਵਾਸ ਵਿਚ ਪ੍ਰਵੇਸ਼ ਕਰ ਲਿਆ। ਪੰਜਾਬ ਵਿਚ ਵਾਪਰ ਰਹੀਆਂ ਘਟਨਾਂਵਾਂ ਵੱਧਦੀਆਂ ਜਾ ਰਹੀਆਂ ਸਨ।ਦਹਿਸ਼ਤਗਰਦਾਂ ਨੇ 6 ਅਕਤੂਬਰ 1983 ਨੂੰ ਬੱਸਾਂ ਵਿਚੋ ਉਤਾਰਕੇ ਇੱਕ ਫਿਰਕੇ ਦੇ 6 ਲੋਕਾਂ ਨੂੰ ਕਤਲ ਕਰ ਦਿੱਤਾ।ਉਸ ਦਿਨ ਹੋਰ ਵੀ ਘਟਨਾਵਾਂ ਵਾਪਰੀਆਂ ਜਿਸ ਕਰਕੇ ਕੇਂਦਰ ਸਰਕਾਰ ਨੇ ਸ ਦਰਬਾਰਾ ਸਿੰਘ ਸਰਕਾਰ ਨੂੰ ਭੰਗ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ। ਉਸ ਵੇਲੇ ਪੰਜਾਬ ਦੇ ਰਾਜਪਾਲ ਸ੍ਰੀ ਅਨੰਤ ਪ੍ਰਸ਼ਾਦ ਸ਼ਰਮਾ ਸਨ ਜਿਨ੍ਹਾਂ ਦੀ ਥਾਂ ਤਿੰਨ ਦਿਨਾਂ ਬਾਅਦ 10 ਅਕਤੂਬਰ 1983 ਨੂੰ ਸ੍ਰੀ ਭੈਰਵ ਦੱਤ ਪਾਂਡੇ (ਬੀ.ਡੀ.ਪਾਂਡੇ) ਨੂੰ ਪੰਜਾਬ ਦੇ ਰਾਜਪਾਲ ਨਿਯੁਕਤ ਕਰ ਦਿੱਤਾ ਜੋ ਇਸ ਅਹੁੱਦੇ ਤੇ 2 ਜੁਲਾਈ 1984 ਤੱਕ ਰਹੇ। ਇਸ ਤੋ ਸਪੱਸ਼ਟ ਹੈ ਕਿ ਸ੍ਰੀ ਪਾਂਡੇ ਦੀ ਨਿਯੁਕਤੀ ਖਾਸ ਮੰਤਵ ਲਈ ਕੀਤੀ ਗਈ ਸੀ।

ਪੰਜਾਬ ਦੀ ਵਾਗਡੋਰ ਅਫਸਰ ਸ਼ਾਹੀ ਦੇ ਹੱਥ ਵਿਚ ਆ ਗਈ ਸੀ। ਪੰਜਾਬ ਵਿੱਚ ਕੇਦਰੀ ਸੁਰੱਖਿਆ ਸੈਨਾਵਾਂ ਦੀ ਗਿਣਤੀ ਵਧਾ ਦਿੱਤੀ ਗਈ। ਪੰਜਾਬ ਦੀ ਅੰਦਰੂੰਨੀ ਸੁਰੱਖਿਆ ਲਈ ਫੌਜ਼ ਨੂੰ ਵੀ ਚੌਕਸ ਕਰ ਦਿੱਤਾ ਗਿਆ।ਪੰਜਾਬ ਵਿਚ ਕਈ ਥਾਂਵਾਂ ਤੇ ਫੌਜ਼ ਨੇ ਆ ਕੇ ਕੈਂਪ ਲਗਾ ਲਏ। ਪੰਜਾਬ ਵਿਚ ਅੱਤਵਾਦੀ ਤੇ ਵੱਖਵਾਦੀ ਤਾਕਤਾਂ ਜ਼ੋਰ ਫੜ੍ਹਨ ਲੱਗੀਆਂ। ਹਾਲਾਤ ਕਾਬੂ ਵਿਚ ਨਹੀ ਆ ਰਹੇ ਸਨ। ਖਾੜਕੂਆਂ ਦੀਆਂ ਵਧੇਰੇ ਸਰਗਰਮੀਆਂ ਮਾਝੇ ਵਿਚ ਸਨ ਪਰ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਜੱਦੀ ਪਿੰਡ ਰੋਡੇ ਤਹਿਸੀਲ ਮੋਗਾ ਵਿਚ ਹੋਣ ਕਰਕੇ ਆਲ ਇੰਡੀਆ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੇ ਸਰਗਰਮ ਆਗੂਆਂ ਨੇ ਲਾਮਬੰਦੀ ਸੁਰੂ ਕਰ ਦਿੱਤੀ। ਮੋਗਾ ਤੇ ਬਾਘਾਪੁਰਾਣਾ ਕੇਂਦਰ ਬਣ ਗਏ। ਪ੍ਰਸ਼ਾਸਨ ਲਈ ਉਨ੍ਹਾਂ ਦੀਆਂ ਗੱਤੀਵਿਧੀਆਂ ਅਸਿਹ ਹੋ ਗਈਆਂ। ਆਸ ਪਾਸ ਦੇ ਜ਼ਿਲ੍ਹਿਆਂ ਵਿਚ ਬਹੁਤ ਘਟਨਾਵਾਂ ਵਾਪਰੀਆ ਜਿਸ ਕਰਕੇ ਦਹਿਸ਼ਤ ਦਾ ਮਹੌਲ ਬਣ ਗਿਆ।ਅਖੀਰ ਫਰਵਰੀ 1984 ਵਿਚ ਆਲ ਇੰਡੀਆ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੇ ਮੈਬਰਾਂ ਨੇ ਮੋਗਾ ਸ਼ਹਿਰ ਦੇ ਤਿੰਨ ਗੁਰਦਵਾਰਿਆਂ ਬੀਬੀ ਕਾਹਨ ਕੌਰ, ਸਿੰਘ ਸਭਾ ਅਤੇ ਅਕਾਲ ਸਰ ਤੇ ਕਬਜਾ ਕਰ ਲਿਆ। ਮੋਗਾ ਸ਼ਹਿਰ ਵਿਚ ਸੀਮਾ ਸੁਰੱਖਿਆ



ਬੱਲ ਦੇ ਜਵਾਨ ਤਾਇਨਾਤ ਕਰ ਦਿੱਤੇ ਗਏ। ਆਲ ਇੰਡੀਆ ਸਿੱਖ ਸਟੂਡੈਂਟ ਫ਼ੈਡਰੇਸ਼ਨ ਵਲੋਂ ਪੰਜਾਬ ਬੰਦ ਦਾ ਸੱਦਾ, ਮੋਗਾ ਤੇ ਬਾਘਾਪੁਰਾਣਾ ਵਿਚ ਲਗਾਤਾਰ ਧਰਨਿਆਂ ਨਾਲ ਦਿਨੋ ਦਿਨ ਸਥਿਤੀ ਵਿਗੜਦੀ ਜਾ ਰਹੀ ਸੀ। ਮੋਗਾ ਤੇ ਬਾਘਾਪੁਰਾਣਾ ਸ਼ਹਿਰਾਂ ਵਿਚ ਦਹਿਸ਼ਤ ਦਾ ਮਹੌਲ ਹੋਣ ਕਰਕੇ ਪ੍ਰਸ਼ਾਸਨ ਨੂੰ ਉੱਚ ਅਧਿਕਾਰੀਆਂ ਦੇ ਹੁਕਮ ਆ ਰਹੇ ਸਨ ਕਿ ਮਹੌਲ ਸ਼ਾਂਤ ਕਰਨ ਲਈ ਯਤਨ ਕੀਤੇ ਜਾਣ।

ਗੱਲਬਾਤ ਨਾਲ ਮੱਸਲਾ ਹੱਲ ਨਹੀ ਹੋ ਰਿਹਾ ਸੀ, ਸਥਿਤੀ ਵਿਚ ਸੁਧਾਰ ਨਾ ਆਉਦਾ ਵੇਖ ਅਖੀਰ ਪ੍ਰਸ਼ਾਸਨ ਨੇ ਪੰਜਾਬ ਵਿਚ ਪਹਿਲੀ ਵਾਰ 17 ਅਪ੍ਰੈਲ 1984 ਨੂੰ ਸਵੇਰੇ 4 ਵਜੇ ਤੋਂ ਸ਼ਾਮ 7 ਵਜੇ ਤੱਕ ਮੋਗਾ ਤੇ ਬਾਘਾਪੁਰਾਣਾ ਵਿਚ ਕਰਫਿਊ ਲੱਗਾ ਦਿੱਤਾ ਤੇ ਕਰਫਿਊ ਵਿਚ ਲਗਾਤਾਰ ਵਾਧਾ ਕੀਤਾ ਗਿਆ। ਅਖੀਰ ਆਮ ਲੋਕਾਂ ਨੂੰ ਰਾਹਤ ਦੇਣ ਲਈ ਕਰਫਿਊ ਤਿੰਨ ਗੁਰਦਵਾਰਿਆਂ ਦੇ 100 ਮੀਟਰ ਘੇਰੇ ਤੱਕ ਸੀਮਤ ਕਰ ਦਿੱਤਾ। 26 ਅਪ੍ਰੈਲ 1984 ਨੂੰ ਜਦੋਂ
ਸ਼ਾਮ ਨੂੰ ਕਰਫਿਊ ਵਿਚ ਢਿਲ ਦਿੱਤੀ ਗਈ ਤਾਂ ਗੁਰਦਵਾਰਾ ਬੀਬੀ ਕਾਹਨ ਕੌਰ ਤੋਂ ਬਾਹਰ ਆਉਦਿਆਂ ਆਲ ਇੰਡੀਆ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੇ ਮੈਬਰਾਂ ਦੀ ਸੀਮਾ ਸੁਰੱਖਿਆ ਬੱਲ ਦੇ ਜਵਾਨਾਂ ਨਾਲ ਝੜੱਪ ਹੋ ਗਈ ਤੇ ਜਵਾਨਾਂ ਨੇ ਗੋਲੀ ਚਲਾ ਦਿੱਤੀ ਜਿਸ ਨਾਲ 6 ਸਿੰਘਾਂ ਦੀ ਮੌਤ ਹੋ ਗਈ। ਕਰਫਿਊ ਫੇਰ ਅਣਮਿਥੇ ਸਮੇ ਲਈ ਲਗਾ ਦਿੱਤਾ।ਪੰਜਾਬ ਦੇ ਰਾਜਪਾਲ ਸ੍ਰੀ ਪਾਂਡੇ ਨੇ ਆਪਣੇ ਸਲਾਹਕਾਰ ਐਸ ਐਸ ਸਿੱਧੂ ਨੂੰ 2 ਮਈ 1984 ਨੂੰ ਮੋਗਾ ਭੇਜ ਦਿੱਤਾ। ਉਨਾਂ ਕੱਟੜਪੰਥੀ ਅਕਾਲੀ
ਦਲ ਅਤੇ ਆਲ ਇੰਡੀਆ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੇ ਮੈਬਰਾਂ ਤੋ ਬਿਨ੍ਹਾਂ ਸ਼ਹਿਰੀਆਂ ਦੇ ਨਾਲ ਮੀਟਿੰਗਾਂ ਕਰਨ ਉਪਰੰਤ 3 ਮਈ ਸ਼ਾਮ ਨੂੰ ਗੁਰਦਵਾਰਿਆਂ ਵਿਚੋਂ ਆਲ ਇੰਡੀਆ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੇ ਮੈਬਰਾਂ ਨੂੰ ਸਰਕਾਰੀ ਬੱਸਾਂ ਵਿਚ ਬੈਠਾ ਕੇ ਬਾਹਰ ਕੱਢ ਦਿੱਤਾ।

ਮੋਗਾ ਤੇ ਬਾਘਾਪੁਰਾਣਾ ਵਿਚੋ ਦਿਨ ਦਾ ਕਰਫਿਊ ਹਟਾ ਕੇ ਰਾਤ ਦਾ ਕਰਫਿਊ ਜਾਰੀ ਰਹਿਣ ਦਿੱਤਾ। ਲੋਕਾਂ ਨੇ ਸੁੱਖ ਦਾ ਸਾਹ ਲਿਆ।ਪੰਜਾਬ ਵਿਚ ਦਹਿਸ਼ਤਗਰਦਾਂ ਦੀਆਂ ਸਰਗਰਮੀਆਂ ਘੱਟ ਨਾ ਹੋਈਆਂ। ਓਧਰ ਸ੍ਰੀਦਰਬਾਰ ਸਾਹਿਬ ਵਿਚ ਦਹਿਸ਼ਤ ਦਾ ਮਹੌਲ ਤੇ ਅਸਾਂਤ ਵਾਤਾਵਰਣ ਸੀ। ਪੰਜਾਬ ਵਾਸੀ ਖਤਰੇ ਦੇ ਮਹੌਲ ਵਿਚ ਸਨ। ਭਿੰਡਰਾਂਵਾਲੇ ਤੇ ਸਾਥੀਆਂ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਸਥਿਤ ਗੁਰੂ ਨਾਨਕ ਨਵਾਸ ਨੂੰ ਛੱਡ ਕੇ ਸ੍ਰੀ ਅਕਾਲ ਤੱਖਤ ਵਿਚ ਰਹਾਇਸ ਤਬਦੀਲ ਕਰ ਲਈ। ਜਰਨਲ ਕੇ ਐਸ ਬਰਾੜ ਦੀ ਅਗਵਾਈ ਹੇਠ ਫੌਜ਼ ਨੇ ਸ੍ਰੀ ਦਰਬਾਰ ਕੰਪਲੈਕਸ ਨੂੰ ਘੇਰਿਆ ਹੋਇਆ ਸੀ ਜਿਥੇ 1 ਜੂਨ ਤੋਂ 10 ਜੂਨ 1984 ਤੱਕ ਅਪ੍ਰੇਸ਼ਨ ਜਾਰੀ ਰਿਹਾ।

ਅਖੀਰ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਹੁਕਮ ਅਨੁਸਾਰ ਪੰਜਾਬ ਸਰਕਾਰ ਨੇ ਜ਼ਰਨੈਲ ਸਿੰਘ ਭਿੰਡਰਾਂਵਾਲੇ ਤੇ ਸਾਥੀਆਂ ਤੋ ਸ੍ਰੀ ਦਰਬਾਰ ਸਾਹਿਬ/ ਸ੍ਰੀ ਅਕਾਲ ਤਖਤ ਨੂੰ ਮੁਕਤ ਕਰਵਾਉਣ ਦਾ ਫੈਸਲਾ ਕਰ ਲਿਆ। ਪੰਜਾਬ ਸਰਕਾਰ ਨੇ 3 ਜੂਨ 1984 ਨੂੰ ਸਭ ਤੋਂ ਪਹਿਲਾਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ ਗੁਰਦੇਵ ਸਿੰਘ ਬਰਾੜ੍ਹ ਨੂੰ ਤਬਦੀਲ ਕਰਕੇ ਸ ਰਮੇਸ਼ਇੰਦਰ ਸਿੰਘ ਨੂੰ ਡਿਪਟੀ ਕਮਿਸ਼ਨਰ ਤਾਇਨਾਤ ਕਰ ਦਿੱਤਾ ਜਿਨ੍ਹਾਂ 4 ਜੂਨ ਨੂੰ ਆਪਣੀ ਡਿਊਟੀ ਸੰਭਾਲੀ।ਪੰਜਾਬ ਵਿਚ 3 ਜੂਨ ਤੋਂ 5 ਜੂਨ ਤੱਕ ਮੁਕੰਮਲ ਕਰਫਿਊ ਲਗਾ ਕੇ ਸਾਰੀ ਆਵਾਜਾਈ ਠੱਪ ਕਰ ਦਿੱਤੀ ਜੋ ਅਗੋਂ ਵੀ ਜਾਰੀ ਰਿਹਾ। ਸ੍ਰੀਗੁਰੁ ਅਰਜਨ ਦੇਵ ਜੀ ਦਾ 3 ਜੂਨ ਨੂੰ ਸ਼ਹੀਦੀ ਗੁਰਪੁਰਬ ਹੋਣ ਕਰਕੇ ਸੰਗਤਾਂ ਦਰਬਾਰ ਸਾਹਿਬ ਆ ਰਹੀਆਂ ਸਨ ਜਿਨ੍ਹਾ ਨੂੰ ਫੌਜ਼ ਨੇ ਨਾ ਰੋਕਿਆ। ਵੱਡੀ ਗਿਣਤੀ ਵਿਚ ਸੰਗਤਾਂ ਦਰਬਾਰ ਵਿਚ ਘਿਰ ਗਈਆਂ। ਫੌਜ਼ ਨੇ ਟੈਕਾਂ ਤੇ ਤੋਪਾਂ ਨਾਲ ਹਮਲਾ ਕਰ ਦਿੱਤਾ ਜਿਸ ਕਾਰਨ 5 ਤੇ 6 ਜੂਨ ਦੀ ਦਰਮਿਆਨੀ ਰਾਤ ਜ਼ਰਨੈਲ ਸਿੰਘ ਭਿੰਡਰਾਂਵਾਲੇ ਸਾਥੀਆਂ ਸਮੇਤ ਰੱਬ ਨੂੰ ਪਿਆਰੇ ਹੋ ਗਏ । ਹਜਾਰਾਂ ਸ਼ਰਧਾਲੂ ਜੋ ਮੱਥਾ ਟੇਕਣ ਆਏ ਸਨ ਉਹ ਵੀ ਮਾਰੇ ਗਏ।ਫੌਜ਼ ਦੇ ਹਮਲੇ ਕਾਰਨ ਮਰਨ ਵਾਲਿਆਂ ਦੀ ਗਿਣਤੀ 534 ਸਿੱਖ ਅੱਤਵਾਦੀ ਹੈ ਤੇ ਫੌਜ਼ ਦੇ 4 ਅਫਸਰ 79 ਜਵਾਨ ਸ਼ਹੀਦ ਹੋ ਗਏ।

ਫੌਜ ਨੇ ਬਾਹਰ ਜਾਣ ਵਾਲੇ ਯਾਤਰੀਆਂ ਨੂੰ ਗ੍ਰਿਫ਼ਤਾਰ ਵੀ ਕਰ ਲਿਆ। ਮਰਨ ਵਾਲਿਆਂ ਦੇ ਸਹੀ ਅੰਕੜਿਆਂ ਬਾਰੇ ਕੋਈ ਸਹੀ ਰਿਪੋਰਟ ਸਾਹਮਣੇ ਨਹੀ ਆਈ। ਫੌਜ਼ ਦੇ ਹਮਲੇ ਨਾਲ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਤੇ ਪਰਿਕਰਮਾ ਵਿਚ ਇਮਾਰਤਾਂ ਦਾ ਭਾਰੀ ਨੁਕਸਾਨ ਹੋਇਆ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵਾਪਰੇ ਸਾਕਾ ਨੀਲਾ ਤਾਰਾ ਉਪਰੰਤ ਉਸ ਵੇਲੇ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਜੋ ਫੌਜ਼ਾਂ ਦੇ ਸੁਪਰੀਮ ਕਮਾਂਡਰ ਸਨ ਨੇ ਦਰਬਾਰ ਸਾਹਿਬ ਪਹੁੰਚ ਕੇ ਜਾਇਜਾ ਲਿਆ।ਉਸ ਵੇਲੇ ਦੇ ਚਸਮਦੀਦ ਗਵਾਹਾਂ ਅਨੁਸਾਰ ਗਿਆਨੀ ਜੀ ਨੇ ਇਸ ਫੌਜ਼ੀ ਕਾਰਵਾਈ ਅਤੇ ਧਾਰਮਿਕ ਸਿੱਖ ਇਮਾਰਤਾਂ ਦੀ ਹੋਈ ਭੰਨ ਤੋੜ ਤੇ ਦੁੱਖ ਵਿਅਕਤ ਕੀਤਾ।

ਇਥੇ ਵਰਨਣਯੋਗ ਹੈ ਕਿ ਅੱਤਵਾਦ ਦਾ ਮੁੱਢ ਬੰਨਣਵਾਲੇ ਜਰਨੈਲ ਸਿੰਘ ਭਿੰਡਰਾਂਵਾਲੇ, ਸਾਕਾ ਨੀਲਾ ਤਾਰਾ ਕਰਨ ਵਾਲੀ ਫੌਜ਼ ਦੇ ਕਮਾਂਡਰ ਜਰਨਲ ਕੇ ਐਸ ਬਰਾੜ ਮੋਗਾ ਤਹਿਸੀਲ ਜ਼ਿਲਾ ਫ਼ਰੀਦਕੋਟ ਨਾਲ ਸਬੰਧਤ ਸਨ। ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੀ ਜ਼ਿਲ੍ਹਾ ਫ਼ਰੀਦਕੋਟ ਨਾਲ ਸਬੰਧਤ ਹਨ। ਜੇਕਰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ ਗੁਰ-ਦੇਵ ਸਿੰਘ ਬਰਾੜ ਦਾ ਤਬਾਦਲਾ ਨਾ ਹੁੰਦਾ ਤਾਂ ਉਹਨਾਂ ਦਾ ਸਬੰਧ ਵੀ ਫਰੀਦਕੋਟ ਨਾਲ ਹੋਣ ਕਰਕੇ ਉਹਨਾਂ ਦਾ ਨਾਂ ਵੀ ਨਾਲ ਹੋਣਾ ਸੀ।



## Urgently Need New Listings in Brampton/Caledon

visit: www.teamjagaujla.com

Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

GUARANTEED SOLD

## CALL JAG FOR A QUICK & FREE HOME EVALUATION

www BramptonTopRealtor.com www BramptonTopAgent.com

## URGENTLY NEED NEW LISTINGS IN THIS AREA

## RECENTLY LISTED/SOLD IN YOUR NEIGHBOURHOOD BY JAG AUJLA

**NEW Listing in *BRAMPTON***
James Potter/Queen/Bonnie Brae
Approx. 3000-3500 sq.ft. ਡਿਟੈਚਡ ਹਾਊਸ, 5+2 ਬੈਡਰੂਮ+Office+ 5 ਵਾਸ਼ਰੂਮ, 2 ਬੈਡਰੂਮ ਫਿਨੀਸ਼ਡ Lookout ਬੇਸਮੇਂਟ,6 ਕਾਰ ਪਾਰਕਿੰਗ। No ਕਾਰਪੇਟ। Double Door Entry, ਕੀੱਚਨ with Granite ਕਾਊਂਟਰਟੋਪ। Oak staircase, ਮਾਸਟਰ ਬੈਡਰੂਮ with 5-ਪੀਸ ਇਨਸੂਇਟ, All Bdrms connected to Wash Rms.

**NEW Listing in *BRAMPTON***
Creditview Rd & Queen St
Approx. 2000 sq.ft. ਟਾਊਨ-ਹਾਊਸ, 4 ਬੈਡਰੂਮ, 3 ਵਾਸ਼ਰੂਮ, 2 ਕਾਰ ਪਾਰਕਿੰਗ। No ਕਾਰਪੇਟ। Eat-in ਕੀੱਚਨ with Granite ਕਾਊਂਟਰਟੋਪ with S/S Appliances. ਮਾਸਟਰ ਬੈਡਰੂਮ with Walk-in ਕਲੋਜਿਟ। Spacious Living Rm & Bed Rms, Laundary on 2nd ਫਲੋਰ। Close to Hwy 407 & 401.

**FOR RENT in *BRAMPTON***
Castlemore/The Gore Rd/Cottrelle
2000 sq.ft. ਸੈਮੀ-ਡਿਟੈਚਡ ਹਾਊਸ 4 ਬੈਡਰੂਮ + 3 ਵਾਸ਼ਰੂਮ, Hardwood Floor, ਮਾਸਟਰ ਬੈਡਰੂਮ with 4-ਪੀਸ ਇਨਸੂਇਟ,Walk-in ਕਲੋਜਿਟ। Oak staircase, No ਕਾਰਪੇਟ। Eat-in ਕੀੱਚਨ with S/S appliances. 3 ਕਾਰ ਪਾਰਕਿੰਗ। Close to Asian Food Plaza, buses, hwy's & more.

**FOR RENT in *BRAMPTON***
Castlemore/Humberwest/Airport
1600sq.ft. ਸੈਮੀ-ਡਿਟੈਚਡ ਹਾਊਸ, 3 ਬੈਡਰੂਮ + 3 ਵਾਸ਼ਰੂਮ, 3 ਕਾਰ ਪਾਰਕਿੰਗ, Hardwood Floor, Oak staircase, No ਕਾਰਪੇਟ। Eat-in ਕੀੱਚਨ with S/S appliances. Laundary on 2nd ਫਲੋਰ। Close to Buses, Plaza, School & Amenties.

**NEW Listing in *MISSISSAUGA***
Hurontario St/Eglington Ave/Nahani Way
700-799 sq.ft. ਅਪਾਰਟਮੈਂਟ, 2 ਬੈਡਰੂਮ +2 ਵਾਸ਼ਰੂਮ, 9ft. ceiling, Modern ਕੀੱਚਨ, New ਲੈਮੀਨੇਟ ਫਲੋ, 1 Underground ਪਾਰਕਿੰਗ, ਸਾਰੀਆਂ ਸਹੂਲਤਾਂ ਦੇ ਕੋਲ। Close to Hwy 401 & 403. Close to Square One Mall, Hospital, Plazas, Restaurants, Public Transits, Schools & more.

**NEW Listing in *MISSISSAUGA***
Ridgeway Dr./The Collegeway
1200-1399 sq.ft. ਟਾਊਨ-ਹਾਊਸ, 2 ਬੈਡਰੂਮ + 3 ਵਾਸ਼ਰੂਮ, 1 Underground ਪਾਰਕਿੰਗ + Huge Rooftop Patio, ਮਾਸਟਰ ਬੈਡਰੂਮ with 4-ਪੀਸ ਇਨਸੂਇਟ ਅਤੇ Walk-in ਕਲੋਜਿਟ, Eat-in ਕੀੱਚਨ with Quartz ਕਾਊਂਟਰਟੋਪ। Stainless Steel Appl. Close to Major Hwy 403 , 407,401 & QEW.

**FOR RENT in *TORONTO***
Dundas St./Church St.
665sq.ft. Brand-New ਅਪਾਰਟਮੈਂਟ, 2 ਬੈਡਰੂਮ + 2 ਵਾਸ਼ਰੂਮ (Spa inspired), Modern ਕੀੱਚਨ, *Unbeatable location* Steps to Yonge-Dundas Square, Eaton Centre, and Toronto Metropolitan University, Bus stop at door step.

## FREE

- ✓ Full MLS Services
- ✓ Consistently Marketing Your Property Until SOLD
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold
- ✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT

The Mortgage Centre
We work for you, not the lenders.




| Debt Consolidation | Renovations & Repairs | Avoiding High penalities |
|---|---|---|

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017